# ਅਧਿਆਇ 9
# ਪੰਜਵੀਂ ਅਤੇ ਛੇਵੀਂ ਤੁਰ੍ਹੀ

ਕਾਫੀ ਸਮੇਂ ਪਹਿਲਾਂ, ਪੌਲੁਸ ਨੇ ਐਲਾਨ ਕੀਤਾ ਸੀ ਕਿ "ਪਾਪ ਦੀ ਮਜਦੂਰੀ ਮੌਤ ਹੈ" (ਰੋਮੀਆਂ 6:23)। ਫਿਰ ਵੀ, ਅੱਜ "ਪਾਪ" ਸ਼ਬਦ ਦਾ ਅਰਥ ਬਹੁਤ ਸਾਰੇ ਲੋਕਾਂ ਲਈ ਬਹੁਤ ਛੋਟਾ ਹੈ। ਦੁਨੀਆ ਦੇ ਪ੍ਰਸਿੱਧ ਮਨੋ ਚਿਕਿਤਸਕ ਕਾਰਲ ਮੀਨਿੰਗਰ ਨੇ *ਵਟਐਵਰ ਹੈਪੰਡ ਟੂ ਸਿਨ* ? ਨਾਂਅ ਦੀ ਆਪਣੀ ਪੁਸਤਕ ਵਿੱਚ ਮੰਨਿਆ ਹੈ ਕਿ ਪਿਛਲੇ ਪੰਜ ਦਹਾਕਿਆਂ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ, ਜਿਸ ਨੂੰ ਲੋਕ ਸਭ ਤੋਂ ਵੱਧ ਗੰਭੀਰ ਪਾਪ ਸਮਝਦੇ ਸਨ "ਜੁਰਮ" ਜਾਂ "ਬਿਮਾਰੀਆਂ" ਬਣ ਚੁੱਕੀਆਂ ਹਨ, ਜਦ ਕਿ ਜਿਨ੍ਹਾਂ ਨੂੰ ਘੱਟ ਗੰਭੀਰ ਸਮਝਿਆ ਜਾਂਦਾ ਸੀ ਹੁਣ "ਪਾਪ" ਤੋਂ ਇਲਾਵਾ ਹੋਰ ਕੁਝ ਨਹੀਂ ਪਰ "ਬੁਰਾਈਆਂ," "ਨੈਤਿਕ ਤੌਰ ਤੇ-ਨਾ ਸਵੀਕਾਰਨਯੋਗ ਵਿਹਾਰ," "ਸਮਾਜ ਵਿਰੋਧੀ ਪ੍ਰਵਿਰਤੀਆਂ," "ਗਲਤੀਆਂ," "ਅਨੁਕੂਲ ਬਣਨ ਵਿੱਚ ਅਸਮਰੱਥਾ," ਜਾਂ "ਬਦਲਵੀਆਂ ਜੀਵਨਸ਼ੈਲੀਆਂ" ਹਨ।

ਜੇਕਰ ਪਾਪ ਦੀ ਧਾਰਣਾ ਨਾਪਸੰਦੀ ਵਿੱਚ ਡਿੱਗਦੀ ਹੈ, ਤਾਂ ਸੰਸਾਰ ਨੇ ਇਸ ਵਿਚਾਰ ਨੂੰ ਕਿੰਨਾ ਜ਼ਿਆਦਾ ਠੁਕਰਾਇਆ ਹੈ ਕਿ ਪਾਪੀ ਵਿਹਾਰ ਨਾਖੁਸ਼ੀ ਵਾਲੇ ਨਤੀਜੇ ਲੈ ਕੇ ਆਉਂਦਾ ਹੈ। ਭਾਵੇਂ ਮਨੁੱਖ ਸਹਿਮਤ ਹੋਣ ਜਾਂ ਨਾ ਹੋਣ, ਪਰਮੇਸ਼ੁਰ ਹਾਲੇ ਵੀ ਐਲਾਨ ਕਰਦਾ ਹੈ ਕਿ ਪਾਪੀ ਨੂੰ ਉਸ ਦੀ ਮਜਦੂਰੀ – ਮੌਤ ਦੀ ਠੰਡੀ, ਸਖਤ ਮੁਦਰਾ ਮਿਲਦੀ ਹੈ (ਰੋਮੀਆਂ 6:23)। ਪਰਕਾਸ਼ ਦੀ ਪੋਥੀ 9 ਅਧਿਆਇ ਤੋਂ ਇਲਾਵਾ ਹੋਰ ਕਿਤੇ ਵੀ ਇੰਨਾ ਸਪੱਸ਼ਟ ਤੌਰ ਤੇ ਇਸ ਸੱਚਾਈ ਦਾ ਵਰਣਨ ਨਹੀਂ ਕੀਤਾ ਗਿਆ ਹੈ।

ਪਹਿਲੀਆਂ ਚਾਰ ਤੁਰ੍ਹੀਆਂ ਸੁਭਾਵਕ ਸੰਸਾਰ ਤੇ ਪਾਪ ਦੇ ਪ੍ਰਭਾਵ ਤੇ ਜ਼ੋਰ ਦਿੰਦੀਆਂ ਹਨ। ਪੰਜਵੀਂ ਤੁਰ੍ਹੀ (9:1-12) ਉਸ ਪ੍ਰਭਾਵ ਨੂੰ ਵਿਖਾਉਂਦੀ ਹੈ ਜੋ ਪਾਪ ਦਾ ਇੱਕ ਪਾਪੀ ਇਨਸਾਨ ਉੱਤੇ ਹੁੰਦਾ ਹੈ। ਛੇਵੀਂ ਤੁਰ੍ਹੀ (9:13-21) ਦੂਜਿਆਂ ਤੇ ਪਾਪ ਦੇ ਪ੍ਰਭਾਵ ਨੂੰ ਉਜਾਗਰ ਕਰਦੀ ਹੈ।

ਉਸ ਉਪਦੇਸ਼ ਵਿੱਚ ਜਿਸ ਦਾ ਸਿਰਲੇਖ ਹੈ "ਹਾਓ ਸਿਨ ਹਰਟਸ," ਵਿੱਚ ਜਿਮੀ ਐਲਨ ਨੇ ਦੱਸਿਆ ਹੈ ਕਿ ਪਾਪ ਸਰੀਰਕ ਤੌਰ ਤੇ ਚੋਟ ਪਹੁੰਚਾਉਂਦਾ ਹੈ, ਪਾਪ ਮਾਨਸਿਕ ਤੌਰ ਤੇ ਚੋਟ ਪਹੁੰਚਾਉਂਦਾ ਹੈ, ਪਾਪ ਅੰਤਹਕਰਨ ਨੂੰ ਚੋਟ ਪਹੁੰਚਾਉਂਦਾ ਹੈ ਅਤੇ ਪਾਪ ਆਤਮਿਕ ਤੌਰ ਤੇ ਚੋਟ ਪਹੁੰਚਾਉਂਦਾ ਹੈ।[2] ਦੂਜਿਆਂ ਨੇ ਇਸ ਤਰ੍ਹਾਂ ਲਿਖਿਆ ਹੈ: ਪਾਪ ਬਾਹਰੀ ਰੂਪ ਵਿੱਚ, ਅੰਦਰੂਨੀ ਰੂਪ ਵਿੱਚ ਅਤੇ ਸਦੀਪਕ ਤੌਰ ਤੇ ਚੋਟ ਪਹੁੰਚਾਉਂਦਾ ਹੈ। ਪਾਪ ਦੇ ਇਹ ਸਾਰੇ ਪਰਿਣਾਮ ਪਰਕਾਸ਼ ਦੀ ਪੋਥੀ 9 ਵਿੱਚ ਜਾਂ ਤਾਂ ਪਰਗਟ ਕੀਤੇ ਗਏ ਜਾਂ ਲਾਗੂ ਕੀਤੇ ਗਏ – ਮਿਲ ਸਕਦੇ ਹਨ।

## ਪੰਜਵੀਂ ਤੁਰ੍ਹੀ ਦਾ ਵੱਜਣਾ (9:1-6)

**1ਪੰਜਵੇਂ ਦੂਤ ਨੇ ਤੁਰ੍ਹੀ ਵਜਾਈ, ਤਾਂ ਮੈਂ ਇੱਕ ਤਾਰਾ ਅਕਾਸ਼ੋਂ ਧਰਤੀ ਉੱਤੇ ਡਿੱਗਿਆ**

**ਹੋਇਆ ਵੇਖਿਆ ਅਤੇ ਅਥਾਹ ਕੁੰਡ ਦੇ ਖੂਹ ਦੀ ਕੁੰਜੀ ਉਹ ਨੂੰ ਦਿੱਤੀ ਗਈ। [2]ਉਹ ਨੇ ਅਥਾਹ ਕੁੰਡ ਦੇ ਖੂਹ ਨੂੰ ਖੋਲ੍ਹਿਆ ਤਾਂ ਓਸ ਖੂਹ ਵਿੱਚੋਂ ਧੂੰਆਂ ਵੱਡੇ ਭੱਠੇ ਦੇ ਧੂੰਏਂ ਵਾਂਙੁ ਉੱਠਿਆ ਅਤੇ ਖੂਹ ਦੇ ਉਸ ਧੂੰਏਂ ਨਾਲ ਸੂਰਜ ਅਤੇ ਪੌਣ ਕਾਲੇ ਹੋ ਗਏ। [3]ਅਤੇ ਧੂੰਏਂ ਵਿੱਚੋਂ ਧਰਤੀ ਉੱਤੇ ਸਲਾ ਦੇ ਟਿੱਡੇ ਨਿੱਕਲ ਆਏ ਅਤੇ ਓਹਨਾਂ ਨੂੰ ਬਲ ਦਿੱਤਾ ਗਿਆ ਜਿਵੇਂ ਧਰਤੀ ਦਿਆਂ ਅਠੂਹਿਆਂ ਦਾ ਬਲ ਹੁੰਦਾ ਹੈ। [4]ਅਤੇ ਓਹਨਾਂ ਨੂੰ ਇਹ ਆਖਿਆ ਗਿਆ ਭਈ ਨਾ ਧਰਤੀ ਦੇ ਘਾਹ ਦਾ, ਨਾ ਕਿਸੇ ਹਰਿਆਉਲੀ ਦਾ ਅਤੇ ਨਾ ਕਿਸੇ ਰੁੱਖ ਦਾ ਵਿਗਾੜ ਕਰੋ ਪਰ ਨਿਰਾ ਉਨ੍ਹਾਂ ਮਨੁੱਖਾਂ ਦਾ ਜਿਨ੍ਹਾਂ ਦੇ ਮੱਥੇ ਉੱਤੇ ਪਰਮੇਸ਼ੁਰ ਦੀ ਮੋਹਰ ਨਹੀਂ। [5]ਅਤੇ ਓਹਨਾਂ ਨੂੰ ਇਹ ਦਿੱਤਾ ਗਿਆ ਜੋ ਉਨ੍ਹਾਂ ਮਨੁੱਖਾਂ ਨੂੰ ਜਾਨੋਂ ਨਾ ਮਾਰਨ ਸਗੋਂ ਇਹ ਭਈ ਓਹ ਪੰਜਾਂ ਮਹੀਨਿਆਂ ਤੀਕ ਵੱਡੀ ਪੀੜ ਸਹਿਣ ਅਤੇ ਉਨ੍ਹਾਂ ਦੀ ਪੀੜ ਇਹੋ ਜਿਹੀ ਸੀ ਜਿਹੀ ਅਠੂਹੇਂ ਤੋਂ ਪੀੜ ਹੁੰਦੀ ਹੈ ਜਿਸ ਵੇਲੇ ਉਹ ਮਨੁੱਖ ਨੂੰ ਡੰਗ ਮਾਰਦਾ ਹੈ। [6]ਅਤੇ ਉਨ੍ਹੀਂ ਦਿਨੀਂ ਮਨੁੱਖ ਮੌਤ ਨੂੰ ਭਾਲਣਗੇ ਅਤੇ ਉਹ ਉਨ੍ਹਾਂ ਨੂੰ ਕਿਸੇ ਬਿੱਧ ਲੱਭੇਗੀ ਨਹੀਂ ਅਤੇ ਮਰਨ ਨੂੰ ਲੋਚਣਗੇ ਅਤੇ ਮੌਤ ਉਨ੍ਹਾਂ ਤੋਂ ਨੱਸ ਜਾਵੇਗੀ।**

ਪਰਕਾਸ਼ ਦੀ ਪੋਥੀ 9:1-12 ਪੂਰੀ ਪੁਸਤਕ ਦੇ ਸਭ ਤੋਂ ਅਨੋਖੇ ਅਤੇ ਡਰਾਵਣੇ ਦ੍ਰਿਸ਼ਾਂ ਵਿੱਚੋਂ ਇੱਕ ਹੈ। ਰੌਬਰਟ ਮਾਊਂਸ ਨੇ ਬੰਦ ਵਿੱਚ ਟਿੱਡੀਆਂ ਦਾ "ਦੁਨੀਆਂ ਦੇ ਆਖ਼ਰੀ ਵਿਨਾਸ਼ ਵਿੱਚ ਅਜੀਬ ਜੀਵ ਜੰਤੂਆਂ ਵਜੋਂ" ਵਰਣਨ ਕੀਤਾ ਸੀ।[3]

ਇਸ ਲਿਖਤ ਦੇ ਅਦਭੁਤ ਵੇਰਵਿਆਂ ਦੀ ਚਰਚਾ ਨਾਲ ਕਈ ਪੰਨੇ ਭਰੇ ਜਾ ਸਕਦੇ ਸਨ: ਉਹ ਤਾਰਾ ਜਿਹੜਾ ਅਕਾਸ਼ੋਂ ਡਿੱਗਿਆ ਸੀ ਕਿਸ ਨੂੰ ਦਰਸਾਉਂਦਾ ਹੈ? ਅਥਾਹ ਕੁੰਡ ਕੀ ਹੈ? ਅਬੱਦੋਨ/ਅਪੁੱਲੂਓਨ ਕੌਣ ਹੈ? ਅਸੀਂ ਇਹੋ ਜਿਹੇ ਸਵਾਲਾਂ ਨਾਲ ਜੱਦੋ-ਜਹਿਦ ਕਰਾਂਗੇ, ਪਰ ਇੱਕ ਵਾਰ ਫੇਰ ਇਸ ਗੱਲ ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਇਹ ਦਰਸ਼ਣ ਦਾ *ਸਮੁੱਚਾ ਪ੍ਰਭਾਵ* ਹੈ ਜੋ ਸਭ ਤੋਂ ਜ਼ਿਆਦਾ ਮਹੱਤਵਪੂਰਣ ਹੈ। ਜਿਵੇਂ ਕਿ ਜਿਮ ਮੈਕਗਿਊਗਨ ਨੇ ਕਿਹਾ ਹੈ, ਲੋਕ ਜਦੋਂ ਚਿੱਤਰਾਂ ਨੂੰ ਵੇਖਦੇ ਹਨ ਤਾਂ ਉਹ ਅਕਸਰ ਬੁਰਸ਼ ਦੀ ਕਾਰੀਗਰੀ ਵੇਖਦੇ ਹਨ।[4]

ਸਭ ਤੋਂ ਪਹਿਲਾਂ ਸਮੁੱਚੇ ਦ੍ਰਿਸ਼ ਦੀ ਕਲਪਨਾ ਕਰਨਾ ਜ਼ਰੂਰੀ ਹੈ। ਭਿਆਣਕ ਜੀਵ ਧਰਤੀ ਦੇ ਕਟੋਰਿਆਂ ਵਿੱਚੋਂ ਆਉਂਦੇ ਹਨ; ਉਨ੍ਹਾਂ ਦਾ ਉਦੇਸ਼ ਮਨੁੱਖਾ ਨੂੰ ਤਸੀਹੇ ਦੇਣਾ ਹੈ (ਆਇਤਾਂ 4-6, 10)। ਉਹ ਪਰਮੇਸ਼ੁਰ ਦੇ ਵਫ਼ਾਦਾਰ ਲੋਕਾਂ ਨੂੰ ਕੋਈ ਹਾਨੀ ਨਹੀਂ ਪਹੁੰਚਾਉਂਦੇ; ਉਹ ਸਿਰਫ ਗੈਰ-ਵਿਸ਼ਵਾਸੀਆਂ ਨੂੰ ਚੋਟ ਪਹੁੰਚਾਉਂਦੇ ਹਨ (ਆਇਤ 4)। ਇਹ ਦ੍ਰਿਸ਼ ਆਖ਼ਰੀ ਨਿਆਂ ਵਿੱਚੋਂ ਇੱਕ ਨਹੀਂ ਹੈ: ਇਹ ਕਸ਼ਟ ਸੀਮਤ ਸਮੇਂ ਦੇ ਲਈ ਹੈ (ਆਇਤਾਂ 5, 10) ਅਤੇ ਇਸ ਦਾ ਨਤੀਜਾ ਮੌਤ ਨਹੀਂ ਹੈ (ਆਇਤਾਂ 5, 6)। ਇਹ ਤਸਵੀਰ ਜਥਾਰਥ ਨਹੀਂ ਹੈ: ਅਸਲੀ ਟਿੱਡੇ ਬਨਸਪਤੀ ਨੂੰ ਹਾਨੀ ਪਹੁੰਚਾਉਂਦੇ ਹਨ, ਪਰ ਇਹ ਭਿਆਣਕ ਟਿੱਡੇ ਨਹੀਂ (ਆਇਤ 4)। ਇਨ੍ਹਾਂ ਵਿਚਾਰਾਂ ਨੂੰ ਮਨ ਵਿੱਚ ਰੱਖੋ ਜਦੋਂ ਅਧਿਆਇ ਤੇ ਪ੍ਰਤੀਕ ਦਰ ਪ੍ਰਤੀਕ ਚਰਚਾ ਕੀਤੀ ਜਾਂਦੀ ਹੈ। ਸਮੁੱਚੀ ਤਸਵੀਰ ਤੋਂ ਆਪਣੀ ਨਜ਼ਰ ਨਾ ਹਟਾਇਓ ਜਦੋਂ ਬੁਰਸ਼ ਦੇ ਨਿਸ਼ਾਨਾਂ ਨੂੰ ਜਾਂਚਿਆ ਜਾਂਦਾ ਹੈ।

**ਆਇਤ 1.** ਅਧਿਆਇ 9 ਪੰਜਵੀਂ ਤੁਰ੍ਹੀ ਦੇ ਵੱਜਣ ਨਾਲ ਸ਼ੁਰੂ ਹੁੰਦਾ ਹੈ: **ਪੰਜਵੇਂ ਦੂਤ ਨੇ ਤੁਰ੍ਹੀ ਵਜਾਈ, ਤਾਂ ਮੈਂ ਇੱਕ ਤਾਰਾ ਅਕਾਸ਼ੋਂ ਧਰਤੀ ਉੱਤੇ ਡਿੱਗਿਆ ਹੋਇਆ ਵੇਖਿਆ ਅਤੇ ਅਥਾਹ ਕੁੰਡ ਦੇ ਖੂਹ ਦੀ ਕੁੰਜੀ ਉਹ ਨੂੰ ਦਿੱਤੀ ਗਈ।** ਪਿਛਲੇ ਅਧਿਆਇ ਵਿੱਚ, ਉਹ ਤਾਰਾ ਜਿਹੜਾ ਅਕਾਸ਼ੋਂ ਡਿੱਗਿਆ ਸੀ (8:10) ਸ਼ਾਇਦ ਸਿਰਫ ਇੱਕ ਪਿੱਘਲਿਆ ਗੁੱਛਾ ਸੀ। ਫਿਰ ਵੀ, ਇਸ ਆਇਤ ਵਿੱਚ ਤਾਰਾ, ਪਰਤੱਖ ਰੂਪ ਵਿੱਚ ਇੱਕ ਵਿਅਕਤੀ ਹੈ ਕਿਉਂਕਿ ਉਸ ਨੂੰ ਇੱਕ ਕੁੰਜੀ

ਦਿੱਤੀ ਗਈ ਸੀ। ਪਰਕਾਸ਼ ਦੀ ਪੋਥੀ ਦੇ ਪਹਿਲੇ ਦਰਸ਼ਣ ਵਿੱਚ, ਯਿਸੂ ਨੇ ਯੂਹੰਨਾ ਨੂੰ ਕਿਹਾ ਸੀ ਕਿ ਉਸ ਦੇ ਹੱਥ ਵਿੱਚ ਜੋ ਸੱਤ ਤਾਰੇ ਸਨ "ਸੱਤਾਂ ਕਲੀਸਿਯਾਂ ਦੇ ਦੂਤ" (1:20) ਸਨ। ਇੱਕ ਵਿਅਕਤੀ ਨੂੰ ਅਧਿਆਇ 9 ਵਿੱਚ ਜੋ ਤਾਰਾ ਹੈ ਸ਼ਾਇਦ ਉਸ ਨੂੰ ਵੀ ਦੂਤ ਸਮਝਣਾ ਚਾਹੀਦਾ ਹੈ।

ਕੀ ਇਹ ਤਾਰਾ/ਦੂਤ ਉਹੀ ਹੈ ਜਿਹੜਾ ਆਇਤ 11 ਵਿੱਚ "ਅਥਾਹ ਕੁੰਡ ਦਾ ਦੂਤ ਹੈ? ਸੰਭਵ ਤੌਰ ਤੇ ਉਹੀ ਹੈ। ਪਰਕਾਸ਼ ਦੀ ਪੋਥੀ 9 ਅਧਿਆਇ ਵਿੱਚ ਜੋ ਤਾਰਾ ਅਤੇ ਦੂਤ ਹੈ ਅਤੇ 20 ਅਧਿਆਇ ਵਿੱਚ ਜਿਹੜਾ ਦੂਤ ਹੈ ਜਿਸ ਦੇ ਕੋਲ ਅਥਾਹ ਕੁੰਡ ਦੀਆਂ ਕੁੰਜੀਆਂ ਹਨ ਦੋਹਾਂ ਵਿਚਕਾਰ ਕੋਈ ਨਾ ਕੋਈ ਸੰਬੰਧ ਜ਼ਰੂਰ ਹੋ ਸਕਦਾ ਹੈ (20:1 ਤੇ ਟਿੱਪਣੀਆਂ ਵੇਖੋ)। ਫਿਰ ਵੀ, ਸੰਭਵ ਤੌਰ ਤੇ ਆਇਤ 1 ਵਿੱਚ ਜੋ ਤਾਰਾ/ਦੂਤ ਹੈ ਅਤੇ ਹੋਰਨਾਂ ਦੂਤਾਂ ਵਿਚਕਾਰ ਜਿਨ੍ਹਾਂ ਨੂੰ ਪਰਕਾਸ਼ ਦੀ ਪੋਥੀ ਵਿੱਚ ਵਿਸ਼ੇਸ਼ ਕੰਮ ਸੌਂਪੇ ਗਏ ਸਨ ਕੋਈ ਫ਼ਰਕ ਨਹੀਂ ਹੈ।

"ਪਰ ਇਹ ਇੱਕ *ਡਿੱਗਿਆ ਹੋਇਆ* ਦੂਤ ਸੀ," ਕੁਝ ਲੋਕ ਸ਼ਾਇਦ ਵਿਰੋਧ ਕਰ ਸਕਦੇ ਹਨ, "ਇਸ ਲਈ ਇਹ ਸ਼ਤਾਨ ਜਾਂ ਉਸ ਦੇ ਦੂਤਾਂ ਵਿੱਚੋਂ ਕੋਈ ਇੱਕ *ਹੋਵੇਗਾ*।" ਇਹ ਸੱਚ ਹੈ ਕਿ ਪਰਕਾਸ਼ ਦੀ ਪੋਥੀ 12:9 ਸ਼ਤਾਨ ਦੇ ਦੂਤਾਂ ਦੀ ਗੱਲ ਕਰਦੀ ਹੈ। ਦੂਜਾ ਪਤਰਸ 2:4 ਉਨ੍ਹਾਂ ਦੂਤਾਂ ਦਾ ਜ਼ਿਕਰ ਕਰਦੀ ਹੈ ਜਿਨ੍ਹਾਂ ਨੇ ਪਾਪ ਕੀਤਾ ਸੀ ਅਤੇ ਬਿਨਾਂ ਕਿਸੇ ਪ੍ਰੇਰਣਾ ਵਾਲੀ ਰਵਾਇਤ ਕਹਿੰਦੀ ਹੈ ਕਿ 2 ਪਤਰਸ 2:4 ਵਿੱਚ ਜੋ ਦੂਤ ਹਨ ਸ਼ਤਾਨ ਨੇ ਉਨ੍ਹਾਂ ਦੀ ਅਗਵਾਈ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨ ਵਿੱਚ ਕੀਤੀ ਸੀ। ਫਿਰ ਵੀ, ਪਰਕਾਸ਼ ਦੀ ਪੋਥੀ 9:1 ਇਹ ਨਹੀਂ ਕਹਿੰਦੀ ਹੈ ਇਹ "ਡਿੱਗਿਆ ਹੋਇਆ ਦੂਤ" ਸੀ। ਅਲੰਕਾਰ ਡਿੱਗਣ ਵਾਲੇ ਤਾਰੇ ਦਾ ਹੈ। ਇਹ ਇੱਕ ਆਮ ਤਰੀਕਾ ਹੈ ਜਿਸ ਦੇ ਨਾਲ ਪਰਕਾਸ਼ ਦੀ ਪੋਥੀ ਤਾਰਿਆਂ ਦੇ ਧਰਤੀ ਤੀਕ ਪਹੁੰਚਣ ਦਾ ਵਰਣਨ ਕਰਦੀ ਹੈ (6:13; 8:10)। ਜਦੋਂ ਕੋਈ ਵਿਅਕਤੀ 9:1 ਪੜ੍ਹਦਾ ਹੈ, ਸ਼ਾਇਦ ਉਸ ਨੂੰ ਸਿਰਫ ਅਕਾਸ਼ੋਂ ਇੱਕ ਅੱਗ ਦੇ ਰੂਪ ਨੂੰ ਤੇਜ਼ੀ ਨਾਲ ਆਉਣ ਬਾਰੇ ਸੋਚਣਾ ਚਾਹੀਦਾ ਹੈ। ਜਦੋਂ ਚਮਕ ਫਿੱਕੀ ਪੈ ਗਈ, ਦੂਤ ਨੂੰ ਧਰਤੀ ਉੱਤੇ ਖਲੋਤਾ ਵੇਖਿਆ ਗਿਆ।

**ਅਥਾਹ ਕੁੰਡ ਦੇ ਖੂਹ ਦੀ ਕੁੰਜੀ** ਤਾਰੇ/ਦੂਤ ਨੂੰ ਦਿੱਤੀ ਗਈ ਸੀ। KJV ਬਾਈਬਲ ਵਿੱਚ ਆਇਤ 9:1, 2 ਅਤੇ 11 ਵਿੱਚ "ਅਥਾਹ ਕੁੰਡ ਦਾ ਖੂਹ ਹੈ।" NASB ਬਾਈਬਲ ਵਿੱਚ ਵੀ 1 ਅਤੇ 2 ਆਇਤਾਂ ਵਿੱਚ ਇਹੀ ਵਾਕ ਰਹਿਣ ਦਿੱਤਾ ਗਿਆ ਹੈ, ਸ਼ਾਇਦ ਇਸ ਦੀ ਜਾਣ-ਪਛਾਣ ਕਰਕੇ ਜਾਂ ਇਸ ਦੇ ਚਿੱਤਰਮਈ ਵਾਕ ਕਰਕੇ। "ਅਥਾਹ ਕੁੰਡ ਦੇ ਖੂਹ" ਸ਼ਬਦਾਂ ਵਿੱਚ ਅਸਧਾਰਣ ਭੇਤ ਦੀ ਸੁਰ ਹੈ ਜੋ ਬਾਕੀ ਦੇ ਬੰਦ ਲਈ ਢੁੱਕਵੀਂ ਹੈ। ਫਿਰ ਵੀ, ਯੂਨਾਨੀ ਵਾਕ τοῦ φρέατος τῆς ἀβύσσου (*ਟੌ ਫਰੀਟੋਸ ਟੇਸ ਅਬੁਸੋ*) ਦਾ ਬਿਹਤਰ ਅਨੁਵਾਦ "ਅਥਾਹ ਕੁੰਡ ਦਾ ਸਿਖਰ ਹੈ।" ਆਇਤ 11 ਵਿੱਚ, NASB ਬਾਈਬਲ ਵਿੱਚ "ਅਥਾਹ ਕੁੰਡ" ਹੈ। ਜ਼ਮੀਨ ਹੇਠਾਂ ਗੁਫਾ ਦੇ ਅਲੰਕਾਰ ਨੂੰ "ਅਥਾਹ ਕੁੰਡ" ਕਿਹਾ ਜਾਂਦਾ ਸੀ ਜਿਸ ਦਾ ਸਿਖਰ ਸਤ੍ਹਾ ਤੱਕ ਹੁੰਦਾ ਸੀ। ਉਸ ਗੁਫਾ ਨੂੰ ਉੱਪਰੋਂ ਬੰਦ ਕੀਤਾ ਗਿਆ ਹੈ ਅਤੇ ਉਸ ਨੂੰ ਤਾਲਾ ਲਗਾਇਆ ਗਿਆ ਹੈ ਅਤੇ ਤਾਰੇ/ਦੂਤ ਨੂੰ ਇਸ ਨੂੰ ਖੋਲ੍ਹਣ ਦੀ ਕੁੰਜੀ ਦਿੱਤੀ ਗਈ ਹੈ ਤਾਂ ਕਿ ਅਥਾਹ ਕੁੰਡ ਦੇ ਨਿਵਾਸੀਆਂ ਨੂੰ ਰਿਹਾਅ ਕੀਤਾ ਜਾ ਸਕੇ।

"ਅਥਾਹ ਕੁੰਡ" ਯੂਨਾਨੀ ਸ਼ਬਦ ἄβυσσος (*ਅਬੁਸੋਸ*) ਦਾ ਬਦਲਵਾਂ ਰੂਪ ਹੈ। ਇਹ ਸ਼ਬਦ ਮੁੱਖ ਤੌਰ ਤੇ ਸੈਪਟੁਏਜਿੰਟ (ਯੂਨਾਨੀ ਭਾਸ਼ਾ ਵਿੱਚ ਪੁਰਾਣਾ ਨੇਮ) ਵਿੱਚ ਸਮੁੰਦਰ ਦੀਆਂ ਡੂੰਘਿਆਈਆਂ (ਵੇਖੋ ਯਸਾਯਾਹ 51:10) ਜਾਂ ਧਰਤੀ ਦੀਆਂ ਡੂੰਘਿਆਈਆਂ (ਵੇਖੋ ਜ਼ਬੂਰ 71:20) ਦਾ ਹਵਾਲਾ ਦੇਣ ਲਈ ਵਰਤਿਆ ਗਿਆ ਸੀ। ਸੈਪਟੁਏਜਿੰਟ (ਯੂਨਾਨੀ ਭਾਸ਼ਾ ਵਿੱਚ

ਪੁਰਾਣਾ ਨੇਮ) ਨੇ ਇਬਰਾਨੀ ਸ਼ਬਦ תְּהוֹם (*ਟੇਹੋਮ*) ਦਾ ਅਨੁਵਾਦ "ਅਥਾਹ ਕੁੰਡ" ਵਜੋਂ ਕੀਤਾ ਹੈ। ਸਾਡੀਆਂ ਪੰਜਾਬੀ ਦੀਆਂ ਬਾਈਬਲਾਂ ਵਿੱਚ ਪੁਰਾਣੇ ਨੇਮ ਵਿੱਚ, *ਟੇਹੋਮ* ਦਾ ਅਨੁਵਾਦ ਆਮ ਤੌਰ ਤੇ "ਗਹਿਰਾਈ" ਜਾਂ "ਡੂੰਘਿਆਈ" ਵਜੋਂ ਕੀਤਾ ਗਿਆ ਹੈ। ਨਵੇਂ ਨੇਮ ਵਿੱਚ, ਪੌਲੁਸ ਨੇ ਪਤਾਲ ਦੀ ਗੱਲ ਕਰਨ ਦੇ ਲਈ "ਅਥਾਹ ਕੁੰਡ" ਸ਼ਬਦ ਵਰਤਿਆ ਹੈ (ਰੋਮੀਆਂ 10:7)। ਲੂਕਾ 8:31 ਵਿੱਚ, "ਅਥਾਹ ਕੁੰਡ" ਸ਼ਬਦ ਪਤਾਲ ਦੇ ਵਿਸ਼ੇਸ਼ ਹਿੱਸੇ ਦਾ ਹਵਾਲਾ ਦਿੰਦਾ ਹੈ ਜਿੱਥੇ ਦੁਸ਼ਟ ਆਤਮਾਵਾਂ ਨੂੰ ਕੈਦ ਕੀਤਾ ਗਿਆ ਹੈ ਅਤੇ ਉਹ ਨਿਆਂ ਦੀ ਉਡੀਕ ਕਰ ਰਹੀਆਂ ਹਨ (ਵੇਖੋ ਲੂਕਾ 16:22, 23; 2 ਪਤਰਸ 2:4)। ਸਪੱਸ਼ਟ ਤੌਰ ਤੇ, ਪਰਕਾਸ਼ ਦੀ ਪੋਥੀ ਵਿੱਚ, "ਅਥਾਹ ਕੁੰਡ" ਦੂਜੇ ਭਾਵ ਨਾਲ ਸੰਬੰਧ ਰੱਖਦਾ ਹੈ (1:18 ਤੇ ਟਿੱਪਣੀਆਂ ਵੇਖੋ): ਸਮੁੰਦਰੀ ਦਰਿੰਦੇ (13:1) ਨੂੰ ਬਾਅਦ ਵਿੱਚ ਉਸ ਦਰਿੰਦੇ ਵਜੋਂ ਪਛਾਣਿਆ ਜਾਵੇਗਾ "ਜਿਹੜਾ ਅਥਾਹ ਕੁੰਡ ਵਿੱਚੋਂ ਚੜ੍ਹ ਆਉਂਦਾ ਹੈ" (11:7; ਵੇਖੋ 17:8)। ਜਦੋਂ ਵੱਡੇ ਅਜਗਰ ਨੂੰ ਹਜ਼ਾਰ ਵਰ੍ਹਿਆਂ ਦੇ ਲਈ ਕੈਦ ਕਰਕੇ ਰੱਖਿਆ ਜਾਵੇਗਾ, ਇਸ ਨੂੰ ਬੰਨ੍ਹ ਕੇ ਅਥਾਹ ਕੁੰਡ ਵਿੱਚ ਰੱਖਿਆ ਜਾਵੇਗਾ (20:1-3)।

ਪਰਕਾਸ਼ ਦੀ ਪੋਥੀ ਵਾਲਾ ਅਥਾਹ ਕੁੰਡ ਵਰਤਮਾਨ ਸਮੇਂ ਵਿੱਚ ਦੁਸ਼ਟ ਆਤਮਾਵਾਂ ਦਾ *ਪ੍ਰਤੀਕਾਤਮਕ* ਨਿਵਾਸ ਸਥਾਨ ਹੈ। ਇਹ ਉਹ ਸਦੀਪਕ ਅੱਗ ਵਾਲਾ ਥਾਂ *ਨਹੀਂ* ਹੈ "ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ" (ਮੱਤੀ 25:41)। ਨਾ ਹੀ ਇਹ "ਅੱਗ ਅਤੇ ਗੰਧਕ ਦੀ ਝੀਲ ਹੈ" (ਪਰਕਾਸ਼ ਦੀ ਪੋਥੀ 20:10; ਵੇਖੋ 20:14, 15; 21:8)। ਇਹ ਦੁਸ਼ਟ ਦਾ ਸਦੀਪਕ ਨਿਵਾਸ ਸਥਾਨ ਨਹੀਂ ਹੈ।

ਆਓ ਇਹ ਕਹਿਣ ਵਿੱਚ ਕਾਹਲੀ ਕਰੀਏ ਕਿ ਪਰਕਾਸ਼ ਦੀ ਪੋਥੀ ਵਿੱਚ ਅਥਾਹ ਕੁੰਡ ਦੇ ਹਵਾਲਿਆਂ ਦਾ ਅਰਥ ਇਹ ਨਹੀਂ ਹੈ ਕਿ ਅਣਆਗਿਆਕਾਰੀ ਆਤਮਾਵਾਂ ਜਥਾਰਥ ਰੂਪ ਵਿੱਚ ਕਿਤੇ ਨਾ ਕਿਤੇ ਧਰਤੀ ਦੇ ਅੰਦਰ ਕੈਦ ਕਰਕੇ ਰੱਖੀਆਂ ਗਈਆਂ ਹਨ, ਜਾਂ ਇਹ ਕਿ ਦੁਸ਼ਟ ਆਤਮਾਵਾਂ ਨੂੰ ਪਤਾਲ ਵਿੱਚੋਂ ਆਉਣ ਜਾਣ ਦੀ ਇਜ਼ਾਜਤ ਹੈ। ਇਹ ਅਲੰਕਾਰ *ਪ੍ਰਤੀਕਾਤਮਕ* ਹੈ। ਪਾਪ ਦੇ ਭਿਆਣਕ ਸੁਭਾਅ ਅਤੇ ਦੂਰਗਾਮੀ ਪ੍ਰਭਾਵਾਂ ਨੂੰ ਦੱਸਣ ਦੇ ਲਈ, ਆਤਮਾ ਪਾਠਕਾਂ ਨੂੰ ਜ਼ਮੀਨ ਦੇ ਹੇਠਾਂ ਇੱਕ ਗੁਫਾ ਵਿੱਚ ਡਰਾਵਣੇ ਜੀਵਾਂ ਦੇ ਇੱਕ ਝੁੰਡ ਦੀ ਕਲਪਨਾ ਕਰਨ ਦੀ ਚੁਣੌਤੀ ਦਿੰਦਾ ਹੈ ਅਤੇ ਫਿਰ ਉਹ ਇਹ ਚੁਣੌਤੀ ਦਿੰਦਾ ਹੈ ਕਿ ਉਹ ਇਹ ਕਲਪਨਾ ਕਰਨ ਕਿ ਜੇਕਰ ਉਨ੍ਹਾਂ ਨੂੰ ਜੀਵਾਂ ਨੂੰ ਸੰਸਾਰ ਵਿੱਚ ਖੁੱਲ੍ਹਾ ਛੱਡ ਦਿੱਤਾ ਜਾਵੇ ਤਾਂ ਕਿਸ ਤਰ੍ਹਾਂ ਦੇ ਹਾਲਾਤ ਹੋਣਗੇ।

**ਆਇਤ 2. ਦੂਤ ਨੇ ਅਥਾਹ ਕੁੰਡ ਦੇ ਖੂਹ ਨੂੰ ਖੋਲ੍ਹਿਆ ਤਾਂ ਓਸ ਖੂਹ ਵਿੱਚੋਂ ਧੂੰਆਂ ਵੱਡੇ ਭੱਠੇ ਦੇ ਧੂੰਏਂ ਵਾਂਙੁ ਉੱਠਿਆ ਅਤੇ ਖੂਹ ਦੇ ਉਸ ਧੂੰਏਂ ਨਾਲ ਸੂਰਜ ਅਤੇ ਪੌਣ ਕਾਲੇ ਹੋ ਗਏ।**

ਅੱਗੇ ਸੱਤ ਕਟੋਰਿਆਂ ਨੂੰ ਵੇਖਦੇ ਹੋਏ, ਜਦੋਂ ਪੰਜਵਾਂ ਕਟੋਰਾ ਉਲੱਦਿਆ ਗਿਆ, ਦਰਿੰਦੇ ਦਾ ਰਾਜ "ਅਨ੍ਹੇਰਾ ਹੋ ਗਿਆ" (16:10)। ਪੰਜਵੀਂ ਤੁਰ੍ਹੀ ਅਤੇ ਪੰਜਵੇਂ ਕਟੋਰੇ ਵਿਚਕਾਰ ਆਮ ਕੜੀ ਅਨ੍ਹੇਰਾ ਹੈ ਜੋ – ਇਹ ਇਸ਼ਾਰਾ ਕਰ ਰਿਹਾ ਹੈ ਕਿ ਅਨ੍ਹੇਰੇ ਦੀ ਮਹੱਤਤਾ ਨਿਰੇ ਨਾਟਕੀ ਪ੍ਰਭਾਵ ਤੋਂ ਵੀ ਵੱਧ ਕੇ ਹੈ। ਜ਼ਿਆਦਾਤਰ ਟਿੱਪਣੀਕਾਰ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਧੂੰਆਂ ਦਿਲ ਦੇ ਉਸ ਅਨ੍ਹੇਰੇ ਦਾ ਪ੍ਰਤੀਕ ਹੈ ਜੋ ਪਾਪ ਦੁਆਰਾ ਪੈਦਾ ਹੁੰਦਾ ਹੈ (ਵੇਖੋ 2 ਕੁਰਿੰਥੀਆਂ 4:4; ਕੁਲੁੱਸੀਆਂ 1:13)।

> ਇਹ ਧੋਖੇ ਅਤੇ ਭਰਮ ਦਾ, ਪਾਪ ਅਤੇ ਦੁੱਖ ਦਾ, ਨੈਤਿਕ ਹਨੇਰੇ ਅਤੇ ਭਰਮ ਦਾ ਧੂੰਆਂ ਹੈ . . .।[5]

. . . ਸ਼ਾਇਦ ਇਸ ਧੂੰਏਂ ਨੂੰ ਸ਼ਤਾਨ ਦੇ ਬੁਰੇ ਪ੍ਰਭਾਵ ਦੇ ਤੌਰ ਤੇ ਸਮਝਣਾ ਉੱਤਮ ਹੋਵੇਗਾ, ਜਿਹੜਾ ਮਨੁੱਖ ਦੀ ਸਮਝ ਨੂੰ ਕਾਲਾ ਕਰ ਦਿੰਦਾ ਹੈ . . .।[6]

**ਆਇਤ 3.** ਜਦੋਂ ਕਾਲੇ ਬੱਦਲਾਂ ਦੇ ਵਿੱਚੋਂ ਧੂੰਆਂ ਉੱਠਦਾ ਹੈ, ਪਾਠਕ ਹੈਰਾਨ ਹੁੰਦਾ ਹੈ ਕਿ ਇਸ ਅਨ੍ਹੇਰੇ ਵਿੱਚੋਂ ਕੀ ਪਰਗਟ ਹੋਵੇਗਾ। **ਅਤੇ ਧੂੰਏਂ ਵਿੱਚੋਂ ਧਰਤੀ ਉੱਤੇ ਸਲਾ ਦੇ ਟਿੱਡੇ ਨਿੱਕਲ ਆਏ।** ਸ਼ਾਇਦ ਕੋਈ ਵਿਅਕਤੀ ਇਹ ਕਹੇ, "ਕਿੰਨੀ ਸ਼ਰਮ ਦੀ ਗੱਲ ਹੈ! ਸਿਰਫ ਕੁਝ ਟਿੱਡੇ ਨਿੱਕਲੇ!" ਫਿਰ ਵੀ, ਇਸ ਗੱਲ ਨੂੰ ਸਮਝ ਲਓ ਕਿ ਪੁਰਾਣੇ ਜ਼ਮਾਨੇ ਵਿੱਚ ਇਸ ਨਾਲੋਂ ਜ਼ਿਆਦਾ ਖ਼ਤਰਨਾਕ ਐਲਾਨ ਕੋਈ ਨਹੀਂ ਸੀ ਹੁੰਦਾ ਕਿ "ਟਿੱਡੇ ਆ ਰਹੇ ਹਨ!" ਪੂਰੇ ਪੁਰਾਣੇ ਨੇਮ ਵਿੱਚ, ਟਿੱਡੇ ਨਾਸ ਦਾ ਪ੍ਰਤੀਕ ਹਨ (ਵੇਖੋ ਬਿਵਸਥਾ ਸਾਰ 28:42; KJV; 1 ਰਾਜਿਆਂ 8:37; ਜ਼ਬੂਰ 78:46)।

ਛੋਟੇ-ਛੋਟੇ ਟਿੱਡ/ਟਿੱਡੀਆਂ ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿੱਚ ਕੀਤਾ ਗਿਆ ਹੈ ਜੰਗਲ ਵਿੱਚ ਅਤੇ ਕਿਸੇ ਨਿਸ਼ਚਤ ਹਾਲਾਤ ਵਿੱਚ ਪੈਦਾ ਹੁੰਦੇ ਸਨ ਅਤੇ ਭੋਜਨ ਦੀ ਭਾਲ ਵਿੱਚ ਹਰੇ ਸਾਗ ਪੱਤ ਅਤੇ ਵਾਹੀਆਂ ਹੋਈਆਂ ਜ਼ਮੀਨਾਂ ਤੇ ਹਮਲਾ ਕਰਦੇ ਸਨ। ਉਹ ਇੱਕ ਟੋਲੀ ਵਿੱਚ ਜਾਂਦੇ ਸਨ ਜੋ ਕਿ ਸੌ ਫੁੱਟ ਚੌੜੀ ਹੁੰਦੀ ਸੀ ਜੋ ਕਿ ਚਾਰ ਮੀਲ ਲੰਬਾਈ ਦੇ ਬਰਾਬਰ ਸੀ। ਜਦੋਂ ਉਹ ਧਰਤੀ ਤੇ ਟਿਕ ਜਾਂਦੇ ਸਨ, ਉਹ ਇਸ ਨੂੰ ਇੱਕ ਗਲੀਚੇ ਦੀ ਤਰ੍ਹਾਂ ਢੱਕ ਲੈਂਦੇ ਸਨ ਅਤੇ ਇਸ ਦੇ ਰਾਹ ਵਿੱਚ ਆਉਣ ਵਾਲਾ ਸਾਰਾ ਸਾਗ ਪੱਤ ਖਾ ਜਾਂਦੇ ਸਨ। ਉਹ ਦਰੱਖਤਾਂ ਤੋਂ ਸੱਕ, ਖੇਤ ਵਿੱਚੋਂ ਫਸਲ ਅਤੇ ਸਗੋਂ ਕੱਪੜੇ ਅਤੇ ਰੱਸੀ ਵੀ ਖਾ ਲੈਂਦੇ ਸਨ। ਉਨ੍ਹਾਂ ਦੀ ਭੁੱਖ ਨਾ ਮਿਟਣ ਵਾਲੀ ਸੀ। ਉਹ ਜਿਸ ਕਿਸੇ ਦੇਸ ਤੇ ਹਮਲਾ ਕਰਦੇ ਸਨ ਉਸ ਵਿੱਚ ਛੇਤੀ ਹੀ ਕੋਈ ਵੀ ਹਰੀ ਚੀਜ਼ ਨਹੀਂ ਸੀ ਰਹਿੰਦੀ।[7]

ਆਇਤ 6 ਦੇ ਟਿੱਡੇ ਅਠਵੀਂ ਬਵਾ ਦੀ ਯਾਦ ਦਿਵਾਉਂਦੇ ਹਨ ਜੋ ਮਿਸਰ ਦੇਸ ਤੇ ਪਈ ਸੀ (ਕੂਚ 10:12-15)। ਸਗੋਂ ਪਰਕਾਸ਼ ਦੀ ਪੋਥੀ 9 ਦੀ ਤੁਲਨਾ ਯੋਏਲ ਦੀ ਪੁਸਤਕ ਉਸ ਦੇ 1 ਅਤੇ 2 ਅਧਿਆਵਾਂ ਵਿੱਚ ਵੀ ਮਿਲਦੀ ਹੈ। ਬਾਈਬਲ ਦੇ ਸਮਿਆਂ ਵਿੱਚ ਟਿੱਡੇ ਭਾਵੇਂ ਕਿੰਨੇ ਵੀ ਡਰਾਵਣੇ ਕਿਉਂ ਨਹੀਂ ਸਨ, ਪਰਕਾਸ਼ ਦੀ ਪੋਥੀ 9 ਅਧਿਆਇ ਵਾਲੇ ਟਿੱਡੇ ਜ਼ਿਆਦਾ ਭਿਆਣਕ ਸਨ। **ਅਤੇ ਓਹਨਾਂ ਨੂੰ ਬਲ ਦਿੱਤਾ ਗਿਆ ਜਿਵੇਂ ਧਰਤੀ ਦਿਆਂ ਅਠੂਹਿਆਂ ਦਾ ਬਲ ਹੁੰਦਾ ਹੈ।** ਆਇਤ 10 ਵਰਣਨ ਕਰਦੀ ਹੈ ਕਿ "ਓਹਨਾਂ ਦੀਆਂ ਪੂੰਛਾਂ ਅਠੂਹਿਆਂ ਵਰਗੀਆਂ ਹਨ ਅਤੇ ਓਹਨਾਂ ਦੇ ਡੰਗ ਹਨ।"

**ਆਇਤ 4.** ਇਹ ਕੋਈ ਸਧਾਰਣ ਟਿੱਡੇ ਨਹੀਂ ਸਨ: **ਅਤੇ ਓਹਨਾਂ ਨੂੰ ਇਹ ਆਖਿਆ ਗਿਆ ਭਈ ਨਾ ਧਰਤੀ ਦੇ ਘਾਹ ਦਾ, ਨਾ ਕਿਸੇ ਹਰਿਆਉਲੀ ਦਾ ਅਤੇ ਨਾ ਕਿਸੇ ਰੁੱਖ ਦਾ ਵਿਗਾੜ ਕਰੋ।** ਲਿਖਤ ਇਹ ਨਹੀਂ ਕਹਿੰਦੀ ਹੈ ਅਸਲ ਵਿੱਚ ਉਹ ਹੁਕਮ ਕਿਸ ਨੇ ਦਿੱਤਾ ਸੀ, ਪਰ ਪਾਠਕ ਨੇ ਇਹ ਸਮਝਣਾ ਹੈ ਕਿ ਇਹ ਹੁਕਮ ਪਰਮੇਸ਼ੁਰ ਵੱਲੋਂ ਸੀ। ਹਾਲਾਂਕਿ ਹਰਿਆਲੀ ਟਿੱਡਿਆਂ ਦਾ ਸਭ ਤੋਂ ਉੱਤਮ ਖਾਣਾ ਸੀ, ਪ੍ਰਭੂ ਨੇ ਉਨ੍ਹਾਂ ਦੀ ਭੋਜਨ ਸੂਚੀ ਵਿੱਚੋਂ ਫੁੱਲ ਅਤੇ ਪੱਤਿਆਂ ਨੂੰ ਹਟਾ ਦਿੱਤਾ। ਇਸ ਦੇ ਬਦਲੇ, ਉਨ੍ਹਾਂ ਨੂੰ ਮਨੁੱਖਾਂ ਨੂੰ ਨਿਸ਼ਾਨਾ ਬਣਾਉਣ ਦੇ ਲਈ ਕਿਹਾ ਗਿਆ ਸੀ ਫਿਰ ਵੀ, ਉਨ੍ਹਾਂ ਨੇ ਕਿਸੇ ਵੀ ਮਨੁੱਖ ਨੂੰ ਆਪਣਾ ਨਿਸ਼ਾਨਾ ਨਹੀਂ ਸੀ ਬਣਾਉਣਾ; ਉਨ੍ਹਾਂ ਨੇ ਨਿਰਾ ਉਨ੍ਹਾਂ ਮਨੁੱਖਾਂ ਦਾ ਵਿਗਾੜ ਕਰਨਾ ਸੀ **ਜਿਨ੍ਹਾਂ ਦੇ ਮੱਥੇ ਉੱਤੇ ਪਰਮੇਸ਼ੁਰ ਦੀ ਮੋਹਰ ਨਹੀਂ।**

ਅਧਿਆਇ 7 ਵਿੱਚ 144,000 ਮਨੁੱਖਾਂ ਤੇ ਮੋਹਰ ਲਾਉਣ ਦਾ ਮੁੱਢਲਾ ਉਦੇਸ਼ ਪਰਮੇਸ਼ੁਰ ਦੇ ਲੋਕਾਂ ਨੂੰ ਸੁਰੱਖਿਅਤ ਰੱਖਣਾ ਸੀ (7:4 ਤੇ ਟਿੱਪਣੀਆਂ ਵੇਖੋ)। ਪਰਕਾਸ਼ ਦੀ ਪੋਥੀ 9:4 ਉਸ

ਸੁਰੱਖਿਆ ਦਾ ਉਦਾਹਰਣ ਦਿੰਦੀ ਹੈ। ਕਿਉਂਕਿ ਟਿੱਡੇ ਅਣਆਗਿਆਕਾਰੀ ਦੇ ਨਤੀਜਿਆਂ ਨੂੰ ਦਰਸਾਉਂਦੇ ਹਨ, ਆਗਿਆਕਾਰ ਉਨ੍ਹਾਂ ਨਤੀਜਿਆਂ ਤੋਂ ਬਚ ਗਿਆ ਹੈ।

**ਆਇਤ 5.** ਮੱਥੇ ਉੱਤੇ ਪਰਮੇਸ਼ੁਰ ਦੀ ਮੋਹਰ ਨਾ ਲੱਗੇ ਮਨੁੱਖਾਂ ਦੇ ਵਿਗਾੜ ਦੀ "ਹੱਦ" ਬਾਰੇ ਅੱਗੇ ਆਉਣ ਵਾਲੀਆਂ ਆਇਤਾਂ ਵਿੱਚ ਦੱਸਿਆ ਗਿਆ ਹੈ। ਟਿੱਡਿਆਂ ਨੂੰ **ਇਹ ਦਿੱਤਾ ਗਿਆ ਜੋ ਉਨ੍ਹਾਂ ਮਨੁੱਖਾਂ ਨੂੰ ਜਾਨੋਂ ਨਾ ਮਾਰਨ ਸਗੋਂ ਇਹ ਭਈ ਓਹ ਪੰਜਾਂ ਮਹੀਨਿਆਂ ਤੀਕ ਵੱਡੀ ਪੀੜ ਸਹਿਣ** (ਵੇਖੋ ਆਇਤ 10)। ਬਾਅਦ ਵਿੱਚ, ਮਨੁੱਖਜਾਤੀ ਦਾ ਇੱਕ ਹਿੱਸਾ *ਜਾਨੋਂ ਮਾਰਿਆ* ਜਾਵੇਗਾ (ਵੇਖੋ ਆਇਤ 18); ਪਰ ਪੰਜਵੀਂ ਤੁਰ੍ਹੀ ਦੇ ਦੌਰਾਨ, ਕੁਧਰਮੀ ਲੋਕ ਜਾਨੋਂ ਨਹੀਂ ਮਾਰੇ ਗਏ ਸਨ, ਉਨ੍ਹਾਂ ਨੂੰ ਪੰਜ ਮਹੀਨਿਆਂ ਤੱਕ *ਪੀੜ ਸਹਿਣੀ ਪਈ* ਸੀ।

"ਪੰਜ" ਅੰਕ ਦਾ ਅਰਥ ਹੈ ਸੀਮਤ ਤਾਕਤ ਜਾਂ ਸੀਮਤ ਸਮਾਂ ਅਵਧਿ। ਕੁਝ ਲੇਖਕ ਦੱਸਦੇ ਹਨ ਕਿ ਪੰਜ ਮਹੀਨੇ ਟਿੱਡਿਆਂ ਦੀਆਂ ਕੁਝ ਜਾਤੀਆਂ ਦਾ ਜੀਵਨ ਕਾਲ ਸੀ ਅਤੇ ਟਿੱਡਿਆਂ ਦੀਆਂ ਬਵਾਂ ਆਮ ਤੌਰ ਤੇ ਹਰ ਸਾਲ ਪੰਜ ਮਹੀਨੇ ਦੀ ਸਮੇਂ ਅਵਧਿ ਤੱਕ ਰਹਿੰਦੀ ਸੀ। ਇਸ ਬੰਦ ਵਿੱਚ, **ਪੰਜ ਮਹੀਨਿਆਂ ਤੀਕ** ਵਾਕ ਸ਼ਾਇਦ ਸਿਰਫ ਇਸ ਤੱਥ ਦਾ ਸਮਰਥਨ ਕਰਦਾ ਹੈ ਕਿ ਪਰਮੇਸ਼ੁਰ ਨੇ ਟਿੱਡਿਆਂ ਦੇ ਕੰਮ ਨੂੰ *ਸੀਮਤ ਕਰ ਦਿੱਤਾ* ਜਿਸ ਦਾ ਅਰਥ ਇਹ ਹੈ ਕਿ ਜੇਕਰ ਪਰਮੇਸ਼ੁਰ ਇਸ ਤਰ੍ਹਾਂ ਨਾ ਕਰਦਾ, ਹਰ ਗੈਰ-ਮਸੀਹੀ ਨੇ ਨਾਸ ਹੋ ਜਾਣਾ ਸੀ। ਕੁਝ ਤਾਂ ਲੋਕਾਂ ਦੇ ਤੋਬਾ ਕਰਨ ਲਈ ਇੱਕ *ਸੀਮਤ ਸਮੇਂ* - ਇਸ ਤੋਂ ਪਹਿਲਾਂ ਕਿ ਪਰਮੇਸ਼ੁਰ ਦਾ ਧੀਰਜ ਖਤਮ ਹੋ ਜਾਵੇ - ਦੀ ਉਲਝਣ ਨੂੰ ਵੀ ਵੇਖਦੇ ਹਨ।

ਟਿੱਡਿਆਂ ਦੀ ਪੀੜ **ਇਹੋ ਜਿਹੀ ਸੀ ਜਿਹੀ ਅਠੂਹੇਂ ਤੋਂ ਪੀੜ ਹੁੰਦੀ ਹੈ ਜਿਸ ਵੇਲੇ ਉਹ ਮਨੁੱਖ ਨੂੰ ਡੰਗ ਮਾਰਦਾ ਹੈ**। ਪੁਰਾਣੇ ਜ਼ਮਾਨੇ ਵਿੱਚ ਅਠੂਹਾਂ ਅੱਤਿਆਚਾਰਾਂ ਵਿੱਚੋਂ ਇੱਕ ਸੀ (ਵੇਖੋ ਬਿਵਸਥਾ ਸਾਰ 8:15; 1 ਰਾਜਿਆਂ 12:11; ਹਿਜ਼ਕੀਏਲ 2:6; ਲੂਕਾ 10:19; 11:12)। ਅਠੂਹਾਂ ਚਟਾਨਾਂ ਅਤੇ ਝੀਥਾਂ ਵਿੱਚ ਲੁਕਿਆ ਹੁੰਦਾ ਹੈ। ਆਪਣੇ ਲੁਕਣ ਵਾਲੀ ਥਾਂ ਤੋਂ, ਉਹ ਤੇਜ਼ੀ ਨਾਲ ਆਪਣੇ ਸ਼ਿਕਾਰ ਵੱਲ ਆਉਂਦਾ ਹੈ ਅਤੇ ਆਪਣੇ ਜੰਬੂਰਾਂ ਨਾਲ ਆਪਣੇ ਸ਼ਿਕਾਰ ਨੂੰ ਗਤੀਹੀਣ ਕਰ ਦਿੰਦਾ ਹੈ। ਉਹ ਆਪਣੀ ਡੰਗ ਮਾਰਨ ਵਾਲੀ ਪੂਛ ਨੂੰ ਅੱਗੇ ਕਰ ਲੈਂਦਾ ਹੈ ਅਤੇ ਕੈਦੀ ਨੂੰ ਡੰਗ ਮਾਰ ਦਿੰਦਾ ਹੈ। ਉਸ ਦੇ ਡੰਗ ਨਾਲ ਛੋਟੇ-ਛੋਟੇ ਜੀਵ ਮਰ ਜਾਂਦੇ ਹਨ ਜਾਂ ਸ਼ਕਤੀਹੀਣ ਹੋ ਜਾਂਦੇ ਹਨ। ਇਸ ਦਾ ਡੰਗ ਬਜ਼ੁਰਗਾਂ, ਛੋਟੇ ਬੱਚਿਆਂ ਅਤੇ ਦਿਲ ਦੇ ਰੋਗੀਆਂ ਤੋਂ ਇਲਾਵਾ, ਹੋਰਨਾਂ ਮਨੁੱਖਾਂ ਦੇ ਲਈ ਇੰਨਾ ਘਾਤਕ ਨਹੀਂ ਹੁੰਦਾ, ਪਰ ਇਹ ਦਰਦਨਾਕ ਜ਼ਰੂਰ ਹੁੰਦਾ ਹੈ।

**ਆਇਤ 6. ਅਤੇ ਉਨ੍ਹੀਂ ਦਿਨੀਂ ਮਨੁੱਖ ਮੌਤ ਨੂੰ ਭਾਲਣਗੇ ਅਤੇ ਉਹ ਉਨ੍ਹਾਂ ਨੂੰ ਕਿਸੇ ਬਿੱਧ ਲੱਭੇਗੀ ਨਹੀਂ ਅਤੇ ਮਰਨ ਨੂੰ ਲੋਚਣਗੇ ਅਤੇ ਮੌਤ ਉਨ੍ਹਾਂ ਤੋਂ ਨੱਸ ਜਾਵੇਗੀ** (ਵੇਖੋ ਅੱਯੂਬ 3:21; ਯਿਰਮਿਯਾਹ 8:3)। ਟਿੱਪਣੀਕਾਰ ਇਸ ਤੇ ਗੰਭੀਰ ਵਿਚਾਰ ਕਰਦੇ ਹਨ ਕਿ ਇਨ੍ਹਾਂ ਵਿਅਕਤੀਆਂ ਨੂੰ ਮੌਤ ਕਿਉਂ ਨਹੀਂ ਲੱਭੀ, ਉਨ੍ਹਾਂ ਨੇ ਆਤਮ ਹੱਤਿਆ ਕਿਉਂ ਨਹੀਂ ਕੀਤੀ। ਯਾਦ ਰੱਖੋ ਕਿ ਇਸ ਨੂੰ ਵਧਾ ਚੜ੍ਹਾ ਕੇ ਦੱਸਿਆ ਗਿਆ ਹੈ, ਇਹ ਅਲੰਕਾਰਕ ਭਾਸ਼ਾ ਹੈ, ਇਸ ਨੂੰ ਜਥਾਰਥ ਤੌਰ ਤੇ ਨਹੀਂ ਲੈਣਾ ਚਾਹੀਦਾ। ਕਈ ਮੌਕਿਆਂ ਤੇ, ਬਹੁਤ ਸਾਰੇ ਲੋਕ ਇੰਨੇ ਜ਼ਿਆਦਾ ਬਿਮਾਰ ਪੈ ਗਏ ਸਨ ਕਿ ਉਨ੍ਹਾਂ ਨੇ ਸੋਚਿਆ ਕਿ ਮੌਤ ਹੀ ਉਨ੍ਹਾਂ ਨੂੰ ਰਾਹਤ ਦੇਵੇਗੀ; ਫਿਰ ਵੀ ਉਹ ਨਹੀਂ ਮਰੇ, ਪਰ ਉਨ੍ਹਾਂ ਨੂੰ ਦਰਦ ਵਿੱਚੋਂ ਗੁਜਰਨਾ ਪਿਆ। ਆਇਤ 6 ਵੀ ਇਹੋ ਕਹਿ ਰਹੀ ਹੈ। ਕੁਧਰਮੀ ਲੋਕਾਂ ਨੂੰ ਤਦ ਤੱਕ ਮਨ ਦੀ ਸ਼ਾਂਤੀ ਨਹੀਂ ਮਿਲੇਗੀ ਜਦੋਂ ਤੱਕ ਉਹ ਨਾ ਪਸ਼ਚਾਤਾਪ ਕਰਨ ਵਾਲੀ ਅਵਸਥਾ ਵਿੱਚ

ਰਹਿੰਦੇ ਹਨ। ਇਸ ਤੋਂ ਇਲਾਵਾ, ਸਰੀਰਕ ਮੌਤ ਨਾਲ ਆਤਿਮਕ ਦੁੱਖ ਤੋਂ ਅਰਾਮ ਨਹੀਂ ਮਿਲ ਸਕਦਾ। ਮੌਤ ਤੋਂ ਬਾਅਦ, ਧਨੀ ਮਨੁੱਖ ਨੇ ਜੋ ਕਿ ਪਾਪੀ ਸੀ "ਦੁਖੀ ਹੋ ਕੇ [ਪਤਾਲ ਵਿੱਚੋਂ] ਆਪਣੀਆਂ ਅੱਖੀਆਂ ਚੁੱਕੀਆਂ" (ਲੂਕਾ 16:23)। ਜਦੋਂ ਕੋਈ ਵਿਅਕਤੀ ਮਸੀਹ ਤੋਂ ਬਾਹਰ ਹੋ ਕੇ ਮਰਦਾ ਹੈ, ਮੌਤ ਤੋਂ ਬਾਅਦ ਜਿਹੜਾ ਦੁੱਖ ਹੋਵੇਗਾ ਉਹ ਉਸ ਦੁੱਖ ਨਾਲੋਂ ਬੱਦਰਤ ਹੋਵੇਗਾ ਜੋ ਉਸ ਨੇ ਇਸ ਜੀਵਨ ਵਿੱਚ ਸਹਿਣ ਕੀਤਾ ਹੈ।

ਆਇਤ 6 ਦਾ ਮੁੱਢਲਾ ਜ਼ੋਰ ਇਹ ਹੈ ਕਿ ਪਾਪੀ ਨੂੰ ਇਸ ਜੀਵਨ ਵਿੱਚ ਸਦਾ ਦੁੱਖ ਹੁੰਦਾ ਹੈ – ਉਹ ਦੁੱਖ ਜਿਸ ਦੇ ਲਈ ਉਸ ਨੂੰ ਕੋਈ ਅਰਾਮ ਨਹੀਂ ਮਿਲ ਸਕਦਾ ਜਦੋਂ ਤੱਕ ਉਹ ਪਸ਼ਚਾਤਾਪ ਕਰਕੇ ਪਰਮੇਸ਼ੁਰ ਵੱਲ ਨਹੀਂ ਮੁੜਦਾ। ਕੁਝ ਲੋਕਾਂ ਦੇ ਲਈ, ਦੁੱਖ ਵਿੱਚ ਅੰਤਹਕਰਨ ਦੀ ਪੀੜਾ ਸ਼ਾਮਲ ਹੁੰਦੀ ਹੈ। ਰੋਮੀਆਂ 7 ਵਿੱਚ ਪੌਲੁਸ ਨੇ ਦੋਸ਼ੀ ਅੰਤਹਕਰਨ ਦੀ ਵੇਦਨਾ ਨੂੰ ਪਰਗਟ ਕੀਤਾ ਹੈ: "ਮੈਂ ਜਾਣਦਾ ਤਾਂ ਹਾਂ ਭਈ ਮੇਰੇ ਅੰਦਰ ਕੋਈ ਭਲੀ ਗੱਲ ਹੈ ਨਹੀਂ," ਉਸ ਨੇ ਖੁਦ ਨੂੰ ਪਾਪ ਦਾ "ਕੈਦੀ" ਐਲਾਨਿਆ ਹੈ ਅਤੇ ਅੰਤ ਵਿੱਚ ਉਸ ਨੇ ਚੀਕ ਕੇ ਆਖਿਆ ਹੈ, "ਮੈਂ ਕਿੱਡਾ ਮੰਦਭਾਗੀ ਮਨੁੱਖ ਹਾਂ! ਕੌਣ ਮੈਨੂੰ ਇਸ ਮੌਤ ਦੇ ਸਰੀਰ ਤੋਂ ਛੁਡਾਵੇਗਾ . . . ?" (ਰੋਮੀਆਂ 7:17-24)। ਪੌਲੁਸ ਦੀ ਦੁਹਾਈ ਇੱਕ ਅਜਿਹੇ ਵਿਅਕਤੀ ਦੀ ਹੈ ਜਿਹੜਾ ਸਹੀ ਕੰਮ ਕਰਨ ਦੀ ਕੋਸ਼ਿਸ਼ ਕਰਦਿਆਂ ਅਸਫ਼ਲ ਹੋ ਜਾਂਦਾ ਹੈ, ਜਦ ਕਿ ਅੱਜ ਬਹੁਤ ਸਾਰੇ ਪਾਪੀ ਲੋਕ ਸਹੀ ਕੰਮ ਕਰਨ ਦੀ ਕੋਸ਼ਿਸ਼ *ਨਹੀਂ* ਕਰ ਰਹੇ ਹਨ। ਤਾਂ ਵੀ, ਜ਼ਿਆਦਾਤਰ ਲੋਕਾਂ ਨੇ ਅੰਤਹਕਰਨ ਦੀ ਉਸ ਵੇਦਨਾ ਦਾ ਅਨੁਭਵ ਕੀਤਾ ਹੈ ਜਿਸ ਦਾ ਪ੍ਰਗਟਾਵਾ ਪੌਲੁਸ ਦੁਆਰਾ ਕੀਤਾ ਗਿਆ ਹੈ।

ਪਾਪ ਭਰੀ ਜੀਵਨਸ਼ੈਲੀ ਜੀਉਣ ਦੇ ਕੁਦਰਤੀ ਅਤੇ ਦਰਦਨਾਕ ਨਤੀਜੇ ਵੀ ਹਨ। ਪਾਪ ਦੇ ਨਤੀਜਿਆਂ ਵਿੱਚ ਸ਼ਾਮਲ ਹੈ ਉਨ੍ਹਾਂ ਲੋਕਾਂ ਤੋਂ ਵਖਰੇਵਾਂ ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ, ਮਨ ਅਤੇ ਸਰੀਰ ਦਾ ਵਿਗਾੜ, ਨਿਰਾਸ਼ਾ ਦੀ ਭਾਵਨਾ ਕਿ ਜੀਵਨ ਕਾਬੂ ਤੋਂ ਬਾਹਰ ਹੈ, ਖਾਲੀ ਭਾਵਨਾ ਕਿ "ਬਸ ਇਹੋ ਕੁਝ ਹੈ," ਕੜਵਾਹਟ ਜੋ ਦਿਲ ਨੂੰ ਭਰ ਦਿੰਦੀ ਹੈ, ਸ਼ੱਕ ਜੋ ਨਿਆਂ ਨੂੰ ਢੱਕ ਦਿੰਦੇ ਹਨ, ਦਹਿਸ਼ਤ ਜੋ ਰੂਹ ਨੂੰ ਖਾ ਜਾਂਦੀ ਹੈ ਜਦੋਂ ਬਿਪਤਾ ਮਾਰਦੀ ਹੈ ਅਤੇ ਵਿਅਰਥ ਜੀਵਨ ਦਾ ਦੁਖਾਂਤ। ਜਿਮੀ ਐਲਨ ਨੇ ਕਿਹਾ ਹੈ, "ਇਸ ਜੀਵਨ ਵਿੱਚ ਸਾਨੂੰ ਪਾਪਾਂ ਦੇ ਲਈ ਉੱਨੀ ਸਜ਼ਾ ਨਹੀਂ ਮਿਲਦੀ ਜਿੰਨੀ ਕਿ ਸਾਡੇ ਪਾਪਾਂ ਦੇ ਦੁਆਰਾ ਮਿਲਦੀ ਹੈ।"[8] ਲੀਓਨ ਮੌਰਿਸ ਨੇ ਮੰਨਿਆ ਹੈ ਕਿ "ਪਰਮੇਸ਼ੁਰ ਨੂੰ ਜੋ ਕਰਨ ਦੀ ਲੋੜ ਹੈ ਉਹ ਇਹ ਹੈ ਕਿ ਉਹ ਘਟਨਾਵਾਂ ਨੂੰ ਆਪਣੇ ਆਪ ਹੋਣ ਦੇਵੇ ਅਤੇ ਪਾਪੀਆਂ ਨੂੰ ਲਾਜ਼ਮੀ ਤੌਰ ਤੇ ਸਜ਼ਾ ਮਿਲੇਗੀ।"[9] ਬਰੂਸ ਮੈਟਗਰ ਨੇ ਟਿੱਪਣੀ ਕੀਤੀ ਹੈ:

> ਪਰਮੇਸ਼ੁਰ ਕਾਲ ਅਤੇ ਮੌਤ ਨੂੰ ਪਸੰਦ ਨਹੀਂ ਕਰਦਾ . . . ਪਰ ਜੇਕਰ ਲੋਕ ਪਰਮੇਸ਼ੁਰ ਦੇ ਰਾਜ ਦੀ ਵਿਰੋਧਤਾ ਕਰਨ ਵਿੱਚ ਹੱਠ ਕਰਨਗੇ ਤਾਂ ਇਸੇ ਤਰ੍ਹਾਂ ਹੀ ਹੋਵੇਗਾ . . . । ਦੁਨਿਆਵੀ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰੋ, ਟਿੱਲੇ ਤੋਂ ਪੈਰ ਖਿੱਸਕਣ ਦੇ ਵਾਂਗ ਅਤੇ ਉਸ ਤੋਂ ਬਾਅਦ ਤਬਾਹੀ ਹੁੰਦੀ ਹੈ। ਨੈਤਿਕ ਕਾਨੂੰਨਾਂ ਨੂੰ ਅਣਦੇਖਾ ਕਰੋ ਤਾਂ ਵੀ ਤਬਾਹੀ ਹੁੰਦੀ ਹੈ। ਵਰਣਨ ਕੀਤੇ ਗਏ ਦੁੱਖ . . . ਪਰਮੇਸ਼ੁਰ ਦੇ ਹੁਕਮ ਨੂੰ ਗੰਭੀਰਤਾ ਨਾਲ ਨਾ ਲੈਣ ਦਾ ਨਤੀਜਾ ਹੈ। . . . ਪਰਮੇਸ਼ੁਰ ਕਿਸੇ ਨੂੰ ਦੁੱਖ ਨਹੀਂ ਦੇਣਾ ਚਾਹੁੰਦਾ, ਪਰ ਜਦੋਂ ਤੱਕ ਅਸੀਂ ਅਜ਼ਾਦ ਕਰਿੰਦੇ ਹਾਂ ਪਰਮੇਸ਼ੁਰ ਉਨ੍ਹਾਂ ਨੂੰ ਆਉਣ ਦਿੰਦਾ ਹੈ।[10]

## ਟਿੱਡਿਆਂ ਦਾ ਵਰਣਨ (9:7-12)

**[7]ਅਤੇ ਓਹਨਾਂ ਟਿੱਡਿਆਂ ਦਾ ਰੂਪ ਉਨ੍ਹਾਂ ਘੋੜਿਆਂ ਵਰਗਾ ਸੀ ਜਿਹੜੇ ਜੁੱਧ ਦੇ ਲਈ ਤਿਆਰ ਕੀਤੇ ਹੋਏ ਹੋਣ। ਓਹਨਾਂ ਦੇ ਸਿਰ ਉੱਤੇ ਸੋਨੇ ਵਰਗੇ ਮੁਕਟ ਜੇਹੇ ਸਨ ਅਤੇ ਓਹਨਾਂ ਦੇ ਮੁਖ ਮਨੁੱਖਾਂ ਦੇ ਮੁਖ ਜੇਹੇ ਸਨ। [8]ਓਹਨਾਂ ਦੇ ਵਾਲ ਤੀਵੀਆਂ ਦੇ ਵਾਲਾਂ ਜੇਹੇ ਅਤੇ ਓਹਨਾਂ ਦੇ ਦੰਦ ਬਬਰ ਸ਼ੇਰਾਂ ਦੇ ਦੰਦਾਂ ਜੇਹੇ ਸਨ। [9]ਅਤੇ ਓਹਨਾਂ ਦੇ ਸੀਨੇ ਬੰਦ ਲੋਹੇ ਦੇ ਸੀਨੇ ਬੰਦਾਂ ਵਰਗੇ ਸਨ ਅਤੇ ਓਹਨਾਂ ਦੇ ਖੰਭਾਂ ਦੀ ਘੂਕ ਰਥਾਂ ਸਗੋਂ ਲੜਾਈ ਵਿੱਚ ਦੌੜਦਿਆਂ ਹੋਇਆਂ ਬਹੁਤਿਆਂ ਘੋੜਿਆਂ ਦੀ ਖੜਾਕ ਜਿਹੀ ਸੀ। [10]ਅਤੇ ਓਹਨਾਂ ਦੀਆਂ ਪੂਛਾਂ ਅਠੂਹਿਆਂ ਵਰਗੀਆਂ ਹਨ ਅਤੇ ਓਹਨਾਂ ਦੇ ਡੰਗ ਹਨ ਅਤੇ ਓਹਨਾਂ ਦੀਆਂ ਪੂਛਾਂ ਵਿੱਚ ਓਹਨਾਂ ਦਾ ਬਲ ਹੈ ਭਈ ਪੰਜਾਂ ਮਹੀਨਿਆਂ ਤੀਕ ਮਨੁੱਖ ਦਾ ਵਿਗਾੜ ਕਰਨ। [11]ਅਥਾਹ ਕੁੰਡ ਦਾ ਦੂਤ ਓਹਨਾਂ ਉੱਤੇ ਰਾਜਾ ਹੈ। ਉਹ ਦਾ ਨਾਉਂ ਇਬਰਾਨੀ ਭਾਖਿਆ ਵਿੱਚ ਅਬੱਦੋਨ ਹੈ ਅਤੇ ਯੂਨਾਨੀ ਵਿੱਚ ਅਪੁੱਲੂਓਨ ਨਾਉਂ ਹੈ। [12]ਇੱਕ ਅਫ਼ਸੋਸ ਬੀਤ ਗਿਆ। ਵੇਖੋ, ਇਹ ਦੇ ਮਗਰੋਂ ਅਜੇ ਦੋ ਅਫ਼ਸੋਸ ਹੋਰ ਆਉਂਦੇ ਹਨ!**

ਇੱਥੇ ਆ ਕੇ, ਯੂਹੰਨਾ ਨੇ ਟਿੱਡਿਆਂ ਦਾ ਵਰਣਨ ਕੀਤਾ ਸੀ। 7 ਤੋਂ 10 ਆਇਤਾਂ ਵਿੱਚ ਉਸ ਨੇ ਹਾਲਾਤ ਨੂੰ ਸੁਧਾਰਿਆ। ਇੱਕ ਵਾਰ ਫੇਰ, ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਵੇਰਵਿਆਂ ਤੇ ਇੰਨਾ ਜ਼ਿਆਦਾ ਜ਼ੋਰ ਨਾ ਦਿੱਤਾ ਜਾਵੇ ਕਿ ਕੋਈ ਇਨ੍ਹਾਂ ਡਰਾਉਣੀਆਂ ਸ਼ਖਸੀਅਤਾਂ ਦੇ ਸਮੁੱਚੇ ਪ੍ਰਭਾਵ ਨੂੰ ਹੀ ਭੁੱਲ ਜਾਵੇ। ਚਾਰਲਸ ਰਿਰੀ ਨੇ ਟਿੱਪਣੀ ਕੀਤੀ ਸੀ, "ਇਸ ਅਧਿਆਇ ਵਿੱਚ 'ਜਿਵੇਂ' ਅਤੇ "ਜੇਹੇ" ਵਰਗੇ ਸ਼ਬਦ ਬਾਈਬਲ ਵਿੱਚ ਹੋਰ ਕਿਸੇ ਵੀ ਅਧਿਆਇ ਨਾਲੋਂ ਸਭ ਤੋਂ ਜ਼ਿਆਦਾ ਵਾਰ ਆਉਂਦੇ ਹਨ, ਜੋ ਇਹ ਵਿਖਾਉਂਦਾ ਹੈ ਕਿ ਯੂਹੰਨਾ ਦੇ ਲਈ ਉਸ ਦ੍ਰਿਸ਼ ਦਾ ਵਰਣਨ ਕਰਨਾ ਕਿੰਨਾ ਮੁਸ਼ਕਲ ਸੀ ਜੋ ਉਸ ਨੇ ਦਰਸ਼ਣ ਵਿੱਚ ਵੇਖਿਆ ਸੀ।"[11]

**ਆਇਤ 7.** ਯੂਹੰਨਾ ਨੇ ਆਪਣਾ ਵਰਣਨ ਇਹ ਕਹਿਣ ਦੁਆਰਾ ਸ਼ੁਰੂ ਕੀਤਾ ਸੀ ਕਿ **ਓਹਨਾਂ ਟਿੱਡਿਆਂ ਦਾ ਰੂਪ ਉਨ੍ਹਾਂ ਘੋੜਿਆ ਵਰਗਾ ਸੀ।** ਜਦੋਂ ਪਰਕਾਸ਼ ਦੀ ਪੋਥੀ 9 ਦੇ ਟਿੱਡਿਆਂ ਦੀ ਤੁਲਨਾ ਉਨ੍ਹਾਂ ਟਿੱਡਿਆਂ ਨਾਲ ਕੀਤੀ ਜਾਂਦੀ ਹੈ ਜੋ ਯੋਏਲ 1 ਅਤੇ 2 ਵਿੱਚ ਹਨ, ਕਈਆਂ ਨੂੰ ਵਰਣਨ ਦੇ ਕੁਝ ਸ਼ਬਦ ਇੱਕੋ ਜਿਹੇ ਲੱਗਦੇ ਹਨ ਅਤੇ ਕਈਆਂ ਨੂੰ ਵੱਖਰੇ-ਵੱਖਰੇ। ਫ਼ਰਕ ਦੀ ਗੱਲ ਇਹ ਹੈ ਕਿ ਯੋਏਲ ਦੀ ਭਵਿੱਖਬਾਣੀ ਵਿੱਚ, ਟਿੱਡੇ ਬੱਦਲ ਸਨ (ਯੋਏਲ 2:2), ਜਦ ਕਿ ਪਰਕਾਸ਼ ਦੀ ਪੋਥੀ ਵਿੱਚ, ਟਿੱਡੇ ਸਲਾ ਦੇ ਵਿੱਚੋਂ *ਨਿੱਕਲ ਆਏ* (ਪਰਕਾਸ਼ ਦੀ ਪੋਥੀ 9:3)। ਸਮਾਨਤਾ ਦੀ ਗੱਲ ਇਹ ਹੈ ਕਿ ਦੋਵਾਂ ਦੀ ਤੁਲਨਾ ਘੋੜਿਆਂ ਨਾਲ ਕੀਤੀ ਗਈ ਸੀ (ਯੋਏਲ 2:4; ਪਰਕਾਸ਼ ਦੀ ਪੋਥੀ 9:7)। ਕੁਦਰਤੀ ਟਿੱਡੇ ਦੇ ਸਿਰ ਅਤੇ ਇੱਕ ਘੋੜੇ ਵਿਚਕਾਰ ਕੋਈ ਨਾ ਕੋਈ ਸਮਾਨਤਾ ਜ਼ਰੂਰ ਹੈ। ਜਰਮਨ ਵਿੱਚ, ਟਿੱਡੇ ਨੂੰ *ਹਿਉਪਫਰੈਡ*, ਜਾਂ "ਹੇਅ-ਹੌਰਸ" ਕਿਹਾ ਜਾਂਦਾ ਹੈ। ਇਟਾਲੀਅਨ ਵਿੱਚ, ਇਸ ਨੂੰ *ਕੈਵਾਲੈਟਾ* ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ "ਛੋਟਾ ਜਿਹਾ ਘੋੜਾ।" ਵਿਸ਼ੇਸ਼ ਕਰਕੇ, ਯੂਹੰਨਾ ਨੇ ਕਿਹਾ ਸੀ ਕਿ ਟਿੱਡਿਆਂ ਦਾ ਰੂਪ ਉਨ੍ਹਾਂ ਘੋੜਿਆਂ ਵਰਗਾ ਸੀ **ਜਿਹੜੇ ਜੁੱਧ ਦੇ ਲਈ ਤਿਆਰ ਕੀਤੇ ਹੋਏ ਹੋਣ**। ਇਹ ਵਰਣਨ ਟਿੱਡਿਆਂ ਦੇ ਸੀਨੇ ਬੰਦਾਂ ਦਾ ਹਵਾਲਾ ਦੇ ਸਕਦਾ ਸੀ (ਆਇਤ 9) ਜਾਂ ਇਸ ਦਾ ਸਰਲ ਰੂਪ ਵਿੱਚ ਅਰਥ ਇਹ ਹੋ ਸਕਦਾ ਸੀ ਕਿ ਉਹ ਲੜਨ ਦੇ ਲਈ ਉਤਸੁਕ ਸਨ।

ਯੂਹੰਨਾ ਨੇ ਫਿਰ ਇਹ ਵਰਣਨ ਕੀਤਾ ਕਿ ਓਹਨਾਂ ਦੇ ਸਿਰ ਉੱਤੇ ਸੋਨੇ ਵਰਗੇ ਮੁਕਟ ਜੇਹੇ

ਸਨ। ਯੂਨਾਨੀ ਸ਼ਬਦ ਜਿਸ ਤੋਂ ਮੁਕਟ ਸ਼ਬਦ ਦਾ ਅਨੁਵਾਦ ਕੀਤਾ ਗਿਆ ਹੈ στέφανος (*ਸਟੀਫਾਨੇਸ*) ਦਾ ਬਹੁਵਚਨ ਰੂਪ ਹੈ, ਇੱਕ ਅਜਿਹਾ ਸ਼ਬਦ ਜੋ "ਜਿੱਤ ਦੀ ਫੁੱਲ ਮਾਲਾ" ਦੇ ਲਈ ਵਰਤਿਆ ਜਾਂਦਾ ਸੀ (2:10; 4:4 ਤੇ ਟਿੱਪਣੀਆਂ ਵੇਖੋ)। ਇਹ ਟਿੱਡੇ ਤਸੀਹੇ ਦੇਣ ਵਾਲੇ ਆਪਣੇ ਮਿਸ਼ਨ ਵਿੱਚ ਸਫ਼ਲ ਹੋਣਗੇ – ਇੱਕ ਨਿਰਾਸ਼ਾਜਨਕ ਵਿਚਾਰ। ਬੇਸ਼ੱਕ, ਜਿਹੜੀ ਵੀ ਜਿੱਤ ਦਾ ਉਹ ਅਨੰਦ ਮਾਣਨਗੇ, ਸਿਰਫ ਥੋੜ੍ਹੇ ਚਿਰ ਦੇ ਲਈ ਹੋਵੇਗੀ; ਇਹ ਜਿੱਤ ਦੇ ਅਸਲੀ ਮੁਕਟ ਨਹੀਂ ਸਨ, ਪਰ ਕੇਵਲ "ਸੋਨੇ ਵਰਗੇ ਮੁਕਟ *ਜੇਹੇ* ਸਨ" (NIV; ਜ਼ੋਰ ਦਿੱਤਾ ਗਿਆ ਹੈ)।

ਅਗਲੀ ਵਿਸ਼ੇਸ਼ਤਾ ਸ਼ਾਇਦ ਸਭ ਤੋਂ ਮਹੱਤਵਪੂਰਣ ਹੈ: **ਅਤੇ ਓਹਨਾਂ ਦੇ ਮੁਖ ਮਨੁੱਖਾਂ ਦੇ ਮੁਖ ਜੇਹੇ ਸਨ।** ਅਧਿਆਇ 4 ਵਿੱਚ, ਚਾਰ ਜੰਤੂਆਂ ਵਿੱਚੋਂ ਤੀਜੇ ਜੰਤੂ ਦਾ ਮੂੰਹ "ਮਨੁੱਖ ਦੇ ਮੂੰਹ ਜਿਹਾ ਸੀ" (4:7), ਜੋ ਸ਼ਾਇਦ ਉਸ ਦੀ ਬੁੱਧ ਜਾਂ ਸੂਝ ਵੱਲ ਇਸ਼ਾਰਾ ਕਰ ਰਿਹਾ ਹੈ। ਇੱਥੇ ਵੀ ਉਹੋ ਜਿਹਾ ਵਿਚਾਰ ਪਰਗਟ ਕੀਤਾ ਜਾ ਸਕਦਾ ਹੈ। "ਜਦੋਂ ਯੂਹੰਨਾ ਨੇ ਸਿੱਧਾ ਅੱਗੇ ਵੱਧਣ ਵਾਲੇ ਝੁੰਡ ਦੇ ਚਿਹਰੇ ਵੱਲ ਤੱਕਿਆ, ਉਸ ਨੇ ਜਾਨਵਰਾਂ ਦੀ ਦੁਨੀਆ ਦੇ ਸੁਸਤ ਪ੍ਰਗਟਾਵੇ ਨੂੰ ਨਹੀਂ ਵੇਖਿਆ ਬਲਕਿ ਸ਼ਤਾਨੀ ਮਨੁੱਖਾਂ ਦੀ ਸੂਝਵਾਨ ਮੱਕਾਰੀ ਅਤੇ ਬੇਰਹਿਮੀ ਨੂੰ ਵੇਖਿਆ।"[12] ਇਹ ਮਹੱਤਵਪੂਰਣ ਪ੍ਰਤੀਤ ਹੁੰਦਾ ਹੈ ਕਿ "ਮਨੁੱਖ ਅਤੇ ਦਰਿੰਦੇ ਦੋਹਾਂ ਨੂੰ ਇੱਕ ਗੈਰ-ਕੁਦਰਤੀ ਅਤੇ ਸ਼ਤਾਨੀ ਰੂਪ ਨਾਲ ਜੋੜਿਆ ਗਿਆ ਹੈ।"[13] ਜੀ. ਬੀ. ਕੇਅਰਡ ਨੇ ਲਿਖਿਆ, "ਬੁਰਾਈ ਬਹੁਤ ਸਾਰੇ ਭੈੜੇ ਰੂਪ ਧਾਰ ਸਕਦੀ ਹੈ . . . ਪਰ ਆਖ਼ਰੀ ਵਿਸ਼ਲੇਸ਼ਣ ਵਿੱਚ ਇਸ ਦਾ ਇੱਕ ਮਨੁੱਖੀ ਚਿਹਰਾ ਹੈ . . . ।"[14]

**ਆਇਤ 8.** ਇਨ੍ਹਾਂ ਜੰਤੂਆਂ ਦੇ ਵਾਲ ਵੀ **ਤੀਵੀਆਂ ਦੇ ਵਾਲਾ ਜੇਹੇ ਸਨ।** ਸ਼ਾਇਦ ਇਹ ਵਾਲ ਸਿਰ ਉੱਤੇ ਸਨ; ਸ਼ਾਇਦ ਇਨ੍ਹਾਂ ਵਾਲਾਂ ਨੇ ਪੂਰੇ ਸਰੀਰ ਨੂੰ ਢੱਕਿਆ ਹੋਇਆ ਸੀ। ਇਹ ਵਰਣਨ ਸਰਲ ਰੂਪ ਵਿੱਚ ਇੱਕ ਹੋਰ ਅਸਧਾਰਣਤਾ ਨੂੰ ਜੋੜਦਾ ਹੈ। ਕੁਝ ਇਸ ਤੱਥ ਵਿੱਚ ਕਾਮੁਕਤਾ ਵੇਖਦੇ ਹਨ ਕਿ ਟਿੱਡਿਆਂ ਦੇ ਤੀਵੀਆਂ ਵਰਗੇ ਵਾਲ ਸਨ, ਪਰ ਅਜਿਹੇ ਜੰਤੂ ਤੇ ਲੰਬੇ, ਲਹਿਰਾਉਂਦੇ ਹੋਏ ਵਾਲ ਭੱਦੇ ਲੱਗਣਗੇ, ਨਾ ਕਿ ਕਾਮੁਕ। "ਪਾਪ ਵਰਗੇ ਬਦਸੂਰਤ" ਮਨੁੱਖ ਬਾਰੇ ਸੋਚੋ – ਜਿਸ ਦੇ ਲੰਬੇ, ਲਹਿਰਾਉਂਦੇ ਹੋਏ ਵਾਲ ਹਨ। ਇਸ ਵਰਣਨ ਵਿੱਚ ਕੋਈ ਵੀ ਚੀਜ਼ ਆਕਰਸ਼ਕ ਨਹੀਂ ਹੈ।

**ਅਤੇ ਓਹਨਾਂ ਦੇ ਦੰਦ ਬਬਰ ਸ਼ੇਰਾਂ ਦੇ ਦੰਦਾਂ ਜੇਹੇ ਸਨ।** ਇਸ ਮਾਮਲੇ ਵਿੱਚ, ਦੰਦ ਪਾੜਨ ਲਈ ਨਹੀਂ ਵਰਤੇ ਗਏ ਸਨ, ਕਿਉਂਕਿ ਜੰਤੂਆਂ ਦਾ ਹਥਿਆਰ ਅਠੂਹਿਆਂ ਦੀ ਪੂਛ ਸੀ, ਨਾ ਕਿ ਬੱਬਰ ਸ਼ੇਰ ਦੇ ਦੰਦ। ਬਲਕਿ, ਇਹ ਰੂਪ ਰਾਖਸ਼ਸ ਵਰਗੇ ਜੰਤੂਆਂ ਦੇ ਜ਼ਾਲਮ ਸੁਭਾਅ ਤੇ ਜ਼ੋਰ ਦਿੰਦਾ ਹੈ।

**ਆਇਤ 9. ਅਤੇ ਓਹਨਾਂ ਦੇ ਸੀਨੇ ਬੰਦ ਲੋਹੇ ਦੇ ਸੀਨੇ ਬੰਦਾਂ ਵਰਗੇ ਸਨ।** ਇਹ ਵਰਣਨ ਸੁਭਾਵਕ ਪੱਧਰਾਂ ਦਾ ਹਵਾਲਾ ਦੇ ਸਕਦਾ ਹੈ ਜੋ ਟਿੱਡਿਆਂ ਦੇ ਸਰੀਰ ਦਾ ਵਰਣਨ ਕਰਦੇ ਹਨ, ਜਾਂ ਸ਼ਾਇਦ ਟਿੱਡਿਆਂ ਦੇ ਵਿਸ਼ੇਸ਼ ਹਥਿਆਰ ਦਾ ਇੱਕ ਭੰਡਾਰ ਸੀ। ਕਿਸੇ ਵੀ ਕੀਮਤ ਤੇ, ਟਿੱਡੇ ਅਜਿੱਤ ਜਾਪਦੇ ਸਨ।

**ਅਤੇ ਓਹਨਾਂ ਦੇ ਖੰਭਾਂ ਦੀ ਘੂਕ ਰਥਾਂ ਸਗੋਂ ਲੜਾਈ ਵਿੱਚ ਦੌੜਦਿਆਂ ਹੋਇਆਂ ਬਹੁਤਿਆਂ ਘੋੜਿਆਂ ਦੀ ਖੜਾਕ ਜਿਹੀ ਸੀ।** ਜਿਨ੍ਹਾਂ ਨੇ ਟਿੱਡਿਆਂ ਦੀ ਬਵਾ ਦਾ ਅਨੁਭਵ ਕੀਤਾ ਸੀ ਉਨ੍ਹਾਂ ਨੇ ਉਸ ਖੜਾਕ ਦੀ ਤੁਲਨਾ ਜੋ ਉਹ ਕਰਦੇ ਸਨ ਸ਼ਕਤੀਸ਼ਾਲੀ ਝਰਨੇ ਦੀ ਦਹਾੜ,

ਜੰਗਲੀ ਅੱਗ ਦੀ ਚਿੜਚਿੜਾਹਟ ਨਾਲ, ਜਾਂ ਰੁੱਖਾਂ ਉੱਤੇ ਭਾਰੀ ਮੀਂਹ ਦੇ ਖੜਾਕ ਨਾਲ ਕੀਤੀ ਹੈ। ਯੂਹੰਨਾ ਨੇ ਇਸ ਖੜਾਕ ਦੀ ਤੁਲਨਾ ਅੱਗੇ ਵੱਧਣ ਵਾਲੀ ਸੈਨਾ ਨਾਲ ਕੀਤੀ ਹੈ। ਉਸ ਦੇ ਵਰਣਾਨਤਮਕ ਸ਼ਬਦ ਟਿੱਡਿਆਂ ਦੇ ਘਾਤਕ ਉਦੇਸ਼ ਨਾਲ ਸੰਬੰਧ ਰੱਖਦੇ ਹਨ।

**ਆਇਤ 10. ਅਤੇ ਓਹਨਾਂ ਦੀਆਂ ਪੂਛਾਂ ਅਠੂਹਿਆਂ ਵਰਗੀਆਂ ਹਨ ਅਤੇ ਓਹਨਾਂ ਦੇ ਡੰਗ ਹਨ।** ਸੁਭਾਵਕ ਟਿੱਡੇ ਉਨ੍ਹਾਂ ਦੀ ਗਿਣਤੀ ਦੀ ਮਾਤਰਾ ਦੇ ਕਾਰਣ ਡਰ ਪੈਦਾ ਕਰਦੇ ਹਨ, ਪਰ ਵਿਅਕਤੀਗਤ ਤੌਰ ਤੇ ਉਹ ਕਿਸੇ ਦਾ ਕੁਝ ਨਾ ਵਿਗਾੜਨ ਵਾਲੇ ਹਨ ਅਤੇ ਅਸਲੀ ਨੁਕਾਸਨ ਕਰਨ ਦੇ ਅਯੋਗ ਹਨ। ਕਿਸੇ ਦਾ ਕੁਝ ਨਾ ਵਿਗਾੜਨ ਵਾਲੇ ਇਨ੍ਹਾਂ ਜੰਤੂਆਂ ਦੀ ਬਜਾਇ, ਉਨ੍ਹਾਂ ਕੀੜਿਆਂ ਮਕੌੜਿਆਂ ਦੀ ਕਲਪਨਾ ਕਰੋ ਜਿਨ੍ਹਾਂ ਦੀਆਂ ਪੂਛਾਂ ਲੰਬੀਆਂ, ਚੁਸਤ ਅਤੇ ਜਹਿਰ ਨਾਲ ਭਰੀਆਂ ਹੋਈਆਂ ਹਨ। **ਅਤੇ ਓਹਨਾਂ ਦੀਆਂ ਪੂਛਾਂ ਵਿੱਚ ਓਹਨਾਂ ਦਾ ਬਲ ਹੈ ਭਈ ਪੰਜਾਂ ਮਹੀਨਿਆਂ ਤੀਕ ਮਨੁੱਖ ਦਾ ਵਿਗਾੜ ਕਰਨ** (ਆਇਤ 5 ਤੇ ਟਿੱਪਣੀਆਂ ਵੇਖੋ)।

**ਆਇਤ 11.** ਯੂਹੰਨਾ ਕੋਲ ਟਿੱਡਿਆਂ ਬਾਰੇ ਇੱਕ ਹੋਰ ਟਿੱਪਣੀ ਸੀ - ਜਾਣਕਾਰੀ ਇਸ ਦੀਆਂ ਉਲਝਣਾਂ ਵਿੱਚ ਸ਼ਾਂਤ ਹੋ ਰਹੀ ਹੈ। **ਓਹਨਾਂ ਉੱਤੇ ਰਾਜਾ** ਸੀ। ਕੁਦਰਤੀ “ਟਿੱਡਿਆਂ ਦਾ ਕੋਈ ਰਾਜਾ ਨਹੀਂ ਹੈ” (ਕਹਾਉਤਾਂ 30:27), ਪਰ ਪਰਕਾਸ਼ ਦੀ ਪੋਥੀ 9 ਵਿੱਚ ਟਿੱਡਿਆਂ ਦਾ ਰਾਜਾ ਹੈ ਸੀ। ਉਨ੍ਹਾਂ ਦੇ ਹਮਲੇ ਸੰਯੋਜਤ ਅਤੇ ਨਿਰਦੇਸ਼ਿਤ ਸਨ। ਇਸੇ ਕਾਰਣ, ਉਨ੍ਹਾਂ ਦਾ ਤਸੀਹਾ ਦੇਣਾ ਵਿਸ਼ੇਸ਼ ਤੌਰ ਤੇ ਪ੍ਰਭਾਵਸ਼ਾਲੀ ਅਤੇ ਵਿਨਾਸ਼ਕਾਰੀ ਹੋਵੇਗਾ।

ਉਨ੍ਹਾਂ ਦਾ ਰਾਜਾ **ਅਥਾਹ ਕੁੰਡ ਦਾ** ਦੂਤ ਸੀ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਸੀ, ਇਹ ਦੂਤ ਸ਼ਾਇਦ ਆਖ਼ਰੀ ਤਾਰਾ ਹੋਵੇਗਾ ਜਿਹੜਾ ਅਕਾਸ਼ ਤੋਂ ਡਿੱਗਿਆ ਸੀ; ਜਾਂ ਸ਼ਾਇਦ ਇਹ ਇੱਕ ਹੋਰ ਵਿਅਕਤੀ ਸੀ। ਇਸ ਵਿਅਕਤੀ ਦਾ ਨਾਮ ਜੋ ਹੈ ਉਹ ਮਹੱਤਵਪੂਰਣ ਹੈ: **ਉਹ ਦਾ ਨਾਉਂ ਇਬਰਾਨੀ ਭਾਖਿਆ ਵਿੱਚ ਅਬੱਦੋਨ ਹੈ ਅਤੇ ਯੂਨਾਨੀ ਵਿੱਚ ਅਪੁੱਲੂਓਨ ਹੈ।** “ਦੋਹਾਂ ਸ਼ਬਦਾਂ ਦਾ ਅਰਥ ਇੱਕੋ ਜਿਹਾ ਹੈ, ਹਾਲਾਂਕਿ ਇਮਾਨਦਾਰੀ ਨਾਲ ਕਿਹਾ ਜਾਵੇ ਤਾਂ ‘ਅਬੱਦੋਨ’ ਦਾ ਅਰਥ ‘ਨਾਸ’ ਅਤੇ ‘ਅਪੁੱਲੂਓਨ’ ਦਾ ਅਰਥ ‘ਨਾਸ ਕਰਨ ਵਾਲਾ’” ਹੈ।[15]

ਜ਼ਿਆਦਾਤਰ ਲੋਕਾਂ ਦਾ ਮੰਨਣਾ ਹੈ ਕਿ ਇਹ ਸ਼ਤਾਨ ਹੈ ਅਤੇ ਸ਼ਾਇਦ ਹੋ ਵੀ ਸਕਦਾ ਹੈ। ਯਿਸੂ ਨੇ ਸ਼ਤਾਨ (ਜਾਂ ਉਸ ਦੇ ਨਾਲ ਕੰਮ ਕਰਨ ਵਾਲਿਆਂ ਵਿੱਚੋਂ ਕਿਸੇ ਇੱਕ) ਦਾ ਹਵਾਲਾ ਦਿੱਤਾ ਸੀ ਜਦੋਂ ਉਸ ਨੇ ਕਿਹਾ, “ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ *ਅਤੇ ਨਾਸ ਕਰੇ*” (ਯੂਹੰਨਾ 10:10; ਜ਼ੋਰ ਦਿੱਤਾ ਗਿਆ ਹੈ)। ਫਿਰ ਵੀ, ਪਰਕਾਸ਼ ਦੀ ਪੋਥੀ 2 ਅਤੇ 3 ਵਿੱਚ, ਜਦੋਂ ਯੂਹੰਨਾ ਦਾ ਅਰਥ ਸ਼ਤਾਨ ਤੋਂ ਸੀ, ਉਸ ਨੇ ਬਹੁਤ ਹੀ ਸਪੱਸ਼ਟ ਰੂਪ ਵਿੱਚ ਕਿਹਾ ਸੀ (2:9, 10, 13, 24; 3:9)। ਪੁਸਤਕ ਵਿੱਚ ਅੱਗੇ ਜਾ ਕੇ, ਜਦੋਂ ਰਸੂਲ ਨੇ ਸ਼ਤਾਨ ਲਈ ਚਿੰਨ੍ਹ ਦੀ ਵਰਤੋਂ ਕੀਤੀ, ਉਸ ਨੇ ਪਾਠਕਾਂ ਲਈ ਚਿੰਨ੍ਹ ਦੀ ਵਿਆਖਿਆ ਕੀਤੀ ਸੀ (12:9, 12; 20:2, 7, 10)।

ਫਿਰ ਵੀ, ਅਬੱਦੋਨ/ਅਪੁੱਲੂਓਨ ਦੀ ਪਹਿਚਾਣ ਸੰਬੰਧੀ ਬਹੁਤ ਸਾਰੀਆਂ ਸੰਭਾਵਨਾਵਾਂ ਹਨ। ਉਦਾਹਰਣ ਦੇ ਲਈ, **ਅਬੱਦੋਨ** “ਸ਼ੀਓਲ ਜਾਂ ਪਤਾਲ, ਵਿਸ਼ਵਵਿਆਪੀ ਕਬਰਸਤਾਨ, ਮੌਤ ਦੀ ਧਰਤੀ, ਹਨੇਰਾ, ਖਮੋਸ਼ੀ ਅਤੇ ਭੁਲਾਵਾਂ, ਜੀਵਨ ਅਤੇ ਆਸ ਨੂੰ ਨਾਸ ਕਰਨ ਵਾਲੇ ਲਈ ਸਮਾਨਾਰਥੀ ਸ਼ਬਦ ਦੇ ਰੂਪ ਵਿੱਚ ਪੁਰਾਣੇ ਨੇਮ ਵਿੱਚ ਛੇ ਵਾਰ ਆਉਂਦਾ ਹੈ।”[16] ਸ਼ਾਇਦ, ਆਇਤ 11 ਵਿੱਚ “ਅਬੱਦੋਨ” ਚੌਥੇ ਘੁੜਸਵਾਰ ਅਤੇ ਉਸ ਦੇ ਨਾਲ ਦੇ ਸਾਥੀ ਮੌਤ ਅਤੇ ਪਤਾਲ – ਦਾ

ਹਵਾਲਾ ਦੇਣ ਦਾ ਇੱਕ ਹੋਰ ਤਰੀਕਾ ਹੈ (6:8)।

ਅਬੱਦੋਨ ਸਰਲ ਰੂਪ ਵਿੱਚ ਇੱਕ ਹੋਰ ਦੂਤ ਹੋ ਸਕਦਾ ਹੈ, ਭਾਵੇਂ ਉਹ ਚੰਗਾ ਜਾਂ ਬੁਰਾ ਹੋਵੇ, ਜੋ ਕਿ ਪਰਮੇਸ਼ੁਰ ਦੁਆਰਾ ਸੇਵਾ ਵਿੱਚ ਲਿਆਂਦਾ ਗਿਆ ਸੀ। ਜਿਵੇਂ ਕਿ ਹਰੇਕ ਦਰਸ਼ਣ ਵਿੱਚ ਹੁੰਦਾ ਹੈ, ਵਿਚਾਰ ਅਧੀਨ ਬੰਦ ਜ਼ੋਰ ਦਿੰਦਾ ਹੈ ਕਿ ਸਭ ਕੁਝ ਪਰਮੇਸ਼ੁਰ ਦੇ ਵੱਸ ਵਿੱਚ ਹੈ।

ਕੁਝ ਲੇਖਕ ਅਪੁੱਲੂਓਨ ਅਤੇ "ਅਪੋਲੋ" ਦੇ ਨਾਵਾਂ ਵਿਚਕਾਰ ਸਮਾਨਤਾਵਾਂ ਵੱਲ ਇਸ਼ਾਰਾ ਕਰਦੇ ਹਨ ਅਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਯੂਹੰਨਾ ਡੋਮਿਸ਼ੀਅਨ ਤੇ ਤਾਹਨਾ ਕੱਸ ਰਿਹਾ ਸੀ, ਜਿਸ ਨੇ ਯੂਨਾਨੀ ਦੇਵਤਾ ਅਪੋਲੋ ਦਾ ਅਵਤਾਰ ਹੋਣ ਦਾ ਦਾਅਵਾ ਕੀਤਾ ਸੀ। "ਜੇਕਰ ਯੂਹੰਨਾ ਨੇ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਸੀ, ਤਾਂ ਪੰਜਵੀਂ ਤੁਰ੍ਹੀ ਬਾਰੇ ਉਸ ਦਾ ਆਖ਼ਰੀ ਸ਼ਬਦ ਵਿਅੰਗ ਦੀ ਇੱਕ ਗਹਿਰੀ ਚਾਲ ਸੀ: ਨਰਕ ਦੀ ਵਿਨਾਸ਼ਕਾਰੀ ਸੈਨਾ ਦਾ ਰਾਜਾ ਰੋਮ ਦਾ ਸਮਰਾਟ ਸੀ!"[17] ਅਪੋਲੋ ਦਾ ਪੰਥ ਟਿੱਡਿਆਂ ਦੇ ਚਿੰਨ੍ਹ ਨੂੰ ਦੂਜੇ ਕੀੜੇ ਮਕੌੜਿਆਂ ਦੇ ਚਿੰਨ੍ਹਾਂ ਦੇ ਨਾਲ ਵਰਤਦਾ ਸੀ।

ਟਿੱਡਿਆਂ ਅਤੇ "ਅਬੱਦੋਨ/ਨਾਸ" ਨਾਂ ਦੇ ਆਗੂ ਵਿਚਕਾਰ ਸਭ ਤੋਂ ਸਪੱਸ਼ਟ ਸੰਬੰਧ ਨੂੰ ਆਮ ਤੌਰ ਤੇ ਅਣਦੇਖਾ ਕੀਤਾ ਜਾਂਦਾ ਹੈ। "ਪੁਰਾਣੇ ਜ਼ਮਾਨੇ ਦੇ ਇਬਰਾਨੀ ਲੋਕ ਕਈ ਵੱਖ-ਵੱਖ ਨਾਵਾਂ ਅਧੀਨ ਟਿੱਡਿਆਂ ਦਾ ਹਵਾਲਾ ਦਿੰਦੇ ਸਨ। ਇਨ੍ਹਾਂ ਵਿੱਚੋਂ ਹਰੇਕ ਨਾਮ *ਨਾਸ* ਦਾ ਭਾਵ ਦਿੰਦਾ ਸੀ।"[18] (ਵੇਖੋ ਯੋਏਲ 1:4.) ਟਿੱਡਿਆਂ ਦੇ ਰਾਜਾ ਨੂੰ "ਨਾਸ" ਕਹਿ ਕੇ ਬੁਲਾਉਣਾ ਸ਼ਾਇਦ ਪਵਿੱਤਰ ਆਤਮਾ ਦੇ ਇਸ ਗੱਲ ਤੇ ਜ਼ੋਰ ਦੇਣ ਦਾ ਤਰੀਕਾ ਹੋ ਸਕਦਾ ਹੈ ਕਿ *ਨਾਸ* ਉਨ੍ਹਾਂ ਦੁਸ਼ਟ ਜੰਤੂਆਂ ਦਾ ਆਖ਼ਰੀ ਉਦੇਸ਼ ਸੀ।

ਫਿਰ ਵੀ, "ਅਬੱਦੋਨ/ਅਪੁੱਲੂਓਨ" ਕੌਣ ਸੀ ਜਾਂ ਕੀ ਸੀ ਤੁਲਨਾਤਮਕ ਤੌਰ ਤੇ ਗੈਰ-ਜ਼ਰੂਰੀ ਹੈ। ਜੋ ਚੀਜ਼ ਜ਼ਰੂਰੀ ਹੈ ਉਹ ਹੈ ਉਸ ਪਾਪ ਨੂੰ ਸਮਝਣਾ ਜਿਸ ਤੋਂ ਪਸ਼ਚਾਤਾਪ ਨਹੀਂ ਕੀਤਾ ਗਿਆ ਹੈ ਅਤੇ ਜਿਸ ਦਾ *ਨਤੀਜਾ ਨਾਸ* ਹੈ: ਸਰੀਰ, ਮਨ ਅਤੇ ਆਤਮਾ ਦਾ ਨਾਸ। ਪਾਪੀ ਤੇ ਪਾਪ ਦੇ ਪ੍ਰਭਾਵ ਤੇ ਇਹ ਹੈ ਪਰਮੇਸ਼ੁਰ ਦਾ ਵਚਨ।

ਹੁਣ ਤੱਕ, ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪਰਕਾਸ਼ ਦੀ ਪੋਥੀ 9:1-11 ਅਜਿਹੀਆਂ ਇਤਹਾਸਕ ਘਟਨਾਵਾਂ ਦਾ ਵਰਣਨ ਨਹੀਂ ਕਰਦੀਆਂ ਜਿਵੇਂ ਕਿ ਮੁਹੰਮਦ ਦੇ ਝੁੰਡਾਂ ਦੇ ਵਿਨਾਸ਼ ਜਾਂ ਨਰਵ ਗੈਸ ਨਾਲ ਕੋਬਰਾ ਹੈਲੀਕਾਪਟਰ ਦੁਆਰਾ ਹਮਲੇ। ਬੀਤੇ ਦਿਨਾਂ ਵਿੱਚ, ਉਹ ਜਿਹੜੇ ਲਗਾਤਾਰ-ਇਤਹਾਸਕ ਦ੍ਰਿਸ਼ਟੀਕੋਣ ਨੂੰ ਮੰਨਦੇ ਹਨ ਉਨ੍ਹਾਂ ਦੇ ਲਈ ਪਸੰਦੀਦਾ ਸਿੱਟਾ ਪਹਿਲਾਂ ਵਾਲਾ ਸੀ। ਦੂਜਾ ਹਜ਼ਾਰ ਵਰ੍ਹੇ ਦੀ ਸਿੱਖਿਆ ਦੇਣ ਵਾਲੇ ਕੁਝ ਸੰਵੇਦਨਵਾਦੀਆਂ ਦੀ ਵਰਤਮਾਨ ਵਿਆਖਿਆ ਹੈ। ਅਜਿਹੀਆਂ ਵਿਆਖਿਆਵਾਂ ਦਾ ਪਹਿਲੀ ਸਦੀ ਦੇ ਪਾਠਕਾਂ ਲਈ ਕੋਈ ਅਰਥ ਨਹੀਂ ਹੋਵੇਗਾ। ਅਫ਼ਸੋਸ, ਮੁਹੰਮਦ ਦੀ ਸੈਨਾ ਅਤੇ ਕੋਬਰਾ ਹੈਲੀਕਾਪਟਰਾਂ ਦੋਵਾਂ ਨੇ ਲੋਕਾਂ ਨੂੰ ਜਾਨੋਂ ਮਰ ਦਿੱਤਾ – ਪਰ ਟਿੱਡਿਆਂ ਨੇ ਨਹੀਂ ਮਾਰਿਆ। ਬਲਕਿ, ਜ਼ਿਆਦਾਤਰ ਲੇਖਕ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਕਿਸੇ ਨਾ ਕਿਸੇ ਤਰੀਕੇ, ਟਿੱਡੇ *ਪਾਪ ਦੇ ਸਤਾਉਣ ਵਾਲੇ ਸੁਭਾਅ* ਦਾ ਵਰਣਨ ਕਰਦੇ ਹਨ:

> . . . ਸਾਡੇ ਸਾਹਮਣੇ ਨੈਤਿਕ ਅਤੇ ਆਤਮਿਕ ਪਤਨ ਦੀ ਸਪੱਸ਼ਟ ਤਸਵੀਰ ਹੈ ਜੋ ਮਨੁੱਖਾਂ ਦੀਆਂ ਰੂਹਾਂ ਦੇ ਲਈ ਕਸ਼ਟ ਲੈ ਕੇ ਆਉਂਦੀ ਹੈ . . .

ਪਾਪ ਪਰਮੇਸ਼ੁਰ ਦੇ ਰਾਜ ਦੇ ਪ੍ਰਤੀ ਅਣਆਗਿਆਕਾਰੀ ਹੈ ਅਤੇ ਇਸ ਦੇ ਨਾਲ ਧੋਖਾ ਅਤੇ ਮਾਨਸਿਕ ਅਤੇ ਆਤਮਿਕ ਕਸ਼ਟ ਆਉਂਦਾ ਹੈ . . .।[19]

[ਇਹ ਦ੍ਰਿਸ਼ ਵਰਣਨ ਕਰਦਾ ਹੈ] ਮਨੁੱਖੀ ਆਤਮਾ ਅਤੇ ਮਨੁੱਖੀ ਸ਼ਖਸੀਅਤ ਦੇ ਲਈ ਕਸ਼ਟ ਜੋ ਬੁਰਿਆਈ ਲਿਆਉਂਦਾ ਹੈ। . . . ਬਾਰ-ਬਾਰ ਜਦੋਂ ਮਨੁੱਖਾਂ ਨੇ ਆਪਣੀ ਬੁਰੀਆਂ ਕਾਮਨਾਵਾਂ, ਆਪਣੇ ਲਾਲਚ ਅਤੇ ਮਹਿਮਾ ਦੇ ਲਈ ਇੱਛਾ ਦੇ ਪਿੱਛੇ ਚੱਲੇ ਅਤੇ ਪਰਮੇਸ਼ੁਰ ਅਤੇ ਉਸ ਦੇ ਰਾਹ ਨੂੰ ਤਿਆਗ ਦਿੱਤਾ, ਉਨ੍ਹਾਂ ਨੇ ਇਨ੍ਹਾਂ . . . ਕਸ਼ਟ [ਕਸ਼ਟਾਂ] ਦਾ ਅਨੁਭਵ ਕੀਤਾ . . .।[20]

ਇਹ ਉਨ੍ਹਾਂ ਲੋਕਾਂ ਦੇ ਜੀਵਨਾਂ ਵਿੱਚ ਪਾਪ ਦੇ ਵਿਨਾਸ਼ਕਾਰੀ ਕਸ਼ਟ ਦੀ ਅਸਲੀਅਤ ਦਾ ਦਰਸ਼ਣ ਹੈ ਜਿਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨਾ ਚੁਣਿਆ ਸੀ।[21]

ਉਨ੍ਹਾਂ ਸੰਬੰਧੀ "ਜਿਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕਰਨਾ ਚੁਣਿਆ ਸੀ," ਯੂਹੰਨਾ ਦੇ ਪਾਠਕਾਂ ਨੇ ਸ਼ਾਇਦ ਰੋਮੀ ਅਧਿਕਾਰੀਆਂ ਦੇ ਅੱਗੇ ਬੇਨਤੀ ਪੱਤਰ ਦਿੱਤਾ ਹੋਵੇਗਾ ਜਿਹੜੇ ਉਨ੍ਹਾਂ ਨੂੰ ਸਤਾਅ ਰਹੇ ਸਨ। ਰੋਮੀ ਸਾਮਰਾਜ ਵਿੱਚ ਗੈਰ-ਵਿਸ਼ਵਾਸੀ ਨਿਸ਼ਚਤ ਤੌਰ ਤੇ ਪਵਿੱਤਰ ਆਤਮਾ ਦੀ ਪਾਪੀਆਂ ਵਾਲੀ ਸੂਚੀ ਵਿੱਚ ਸਭ ਤੋਂ ਉੱਪਰ ਸਨ ਜਦੋਂ ਪਰਕਾਸ਼ ਦੀ ਪੋਥੀ 9:1-12 ਆਇਤਾਂ ਲਿਖਆਂ ਗਈਆਂ ਸੀ। ਰੇਅ ਸੱਮਰਜ਼ ਨੇ ਸੁਝਾਅ ਦਿੱਤਾ ਸੀ ਕਿ ਟਿੱਡਿਆਂ ਦੀ ਬਵਾ "ਰੋਮੀ ਸਾਮਰਾਜ ਵਿੱਚ ਨਰਕ ਦੇ ਸਮਾਨ ਸੜਹਾਂਦ, ਅੰਦਰੂਨੀ ਪਤਨ ਦੀ ਪ੍ਰਤੀਕ ਹੈ।"[22] (ਵੇਖੋ *ਜਾਣ-ਪਛਾਣ, ਚਿੰਨ੍ਹ ਅਤੇ ਨਿਸ਼ਾਨ, ਵੱਖ ਵੱਖ ਕਿਸਮ ਦੇ ਚਿੰਨ੍ਹ, 3. ਚਿੰਨ੍ਹ ਇਤਹਾਸਕ ਪਿਛੋਕੜ ਉੱਤੇ ਅਧਾਰਿਤ ਹਨ, ਰੋਮ ਦਾ ਪਤਨ ਕਿਉਂ ਹੋਇਆ*।)

ਫਿਰ ਵੀ, ਇਸ ਪ੍ਰਾਸੰਗਿਕਤਾ ਨੂੰ ਯੂਹੰਨਾ ਦੇ ਸਮੇਂ ਤੱਕ ਹੀ ਸੀਮਤ ਕਰਨਾ ਜ਼ਰੂਰੀ ਨਹੀਂ ਹੈ। ਭਾਵੇਂ ਪਹਿਲੀ ਸਦੀ ਵਿੱਚ ਜਾਂ 21ਵੀਂ ਸਦੀ ਵਿੱਚ ਹੋਵੇ, ਪਾਪ ਬਾਰੇ ਨਿਰਮਤ ਆਤਮ-ਵਿਨਾਸ਼ ਹੈ। ਓਵੈਨ ਕਰਾਊਚ ਨੇ ਟਿੱਪਣੀ ਕੀਤੀ ਸੀ ਕਿ "ਪਾਪ ਇਸ ਦੇ ਸੁਭਾਅ ਰਾਹੀਂ ਇਸ ਦੀ ਦਰਦਨਾਕ ਸਜ਼ਾ ਨੂੰ [ਚੁੱਕੀ ਫਿਰਦਾ] ਹੈ।"[23] ਕੇਅਰਡ ਨੇ ਲਿਖਿਆ ਹੈ ਕਿ ਪਰਮੇਸ਼ੁਰ "ਬੁਰਿਆਈ ਨੂੰ ਬੁਰਿਆਈ ਦਾ ਖੁਦ ਦਾ ਨਾਸ ਕਰਨ ਦਿੰਦਾ ਹੈ। . . . ਬੁਰਿਆਈ ਆਪਣੇ ਸੁਭਾਅ ਵਿੱਚ ਆਤਮ-ਵਿਨਾਸ਼ਕਾਰੀ ਹੈ।"[24]

**ਆਇਤ 12.** ਯੂਹੰਨਾ ਨੇ ਇਹ ਐਲਾਨ ਕਰਕੇ ਪੰਜਵੀਂ ਤੁਰ੍ਹੀ ਬਾਰੇ ਗੱਲਬਾਤ ਕਰਨੀ ਬੰਦ ਕੀਤੀ, **ਇੱਕ ਅਫ਼ਸੋਸ ਬੀਤ ਗਿਆ। ਵੇਖੋ, ਇਹ ਦੇ ਮਗਰੋਂ ਅਜੇ ਦੋ ਅਫ਼ਸੋਸ ਹੋਰ ਆਉਂਦੇ ਹਨ! ਪਹਿਲਾ ਅਫ਼ਸੋਸ** ਦੁੱਖ ਦੇਣ ਵਾਲਿਆਂ ਟਿੱਡਿਆਂ ਦਾ ਹਵਾਲਾ ਦਿੰਦਾ ਸੀ ਜਿਸ ਦਾ ਐਲਾਨ ਪੰਜਵੀਂ ਤੁਰ੍ਹੀ ਦੁਆਰਾ ਕੀਤਾ ਗਿਆ ਸੀ। ਇਨ੍ਹਾਂ ਭਿਆਣਕ "ਟਿੱਡਿਆਂ-ਘੋੜੇ-ਅਠੂਹੇਂ-ਮਨੁੱਖੀ ਪਿਓਂਦਾਂ"[25] ਨੂੰ ਧਰਤੀ ਤੇ ਅਜ਼ਾਦ ਕੀਤਾ ਗਿਆ ਸੀ। ਮਨੁੱਖਜਾਤੀ ਦੇ ਉਨ੍ਹਾਂ ਦੇ ਤਸੀਹੇ ਨੇ ਮਨੁੱਖਜਾਤੀ ਵਿੱਚ ਕੋਈ ਬਦਲਾਅ ਨਹੀਂ ਲਿਆਂਦਾ ਸੀ, ਪਰ ਪਰਮੇਸ਼ੁਰ ਨੇ ਹਾਲੇ ਬਸ ਨਹੀਂ ਕੀਤਾ। ਪਰਮੇਸ਼ੁਰ ਨੇ ਲੋਕਾਂ ਨੂੰ ਆਪਣੇ ਵੱਲ ਵਾਪਸ ਲਿਆਉਣ ਲਈ ਹਰ ਵਸੀਲਿਆਂ ਨੂੰ ਵਰਤਣ ਦਾ ਫ਼ੈਸਲਾ ਕੀਤਾ ਸੀ (ਅਤੇ ਹੈ)। ਦੂਜਾ ਅਫ਼ਸੋਸ ਦੂਤ/ਸੈਨਾ ਹੋਵੇਗੀ ਜੋ ਉਸ ਸਮੇਂ ਪਰਗਟ ਹੋਈ ਜਦੋਂ ਛੇਵੀਂ ਤੁਰ੍ਹੀ ਵਜਾਈ ਗਈ ਸੀ (9:13-19)। ਤੀਜਾ ਅਤੇ ਆਖ਼ਰੀ ਅਫ਼ਸੋਸ ਆਖ਼ਰੀ ਤੁਰ੍ਹੀ ਹੋਵੇਗਾ ਜਦੋਂ ਪ੍ਰਭੂ ਵਾਪਸ ਆਵੇਗਾ (11:15-19)।

## ਛੇਵੀਂ ਤੁਰ੍ਹੀ ਦਾ ਵੱਜਣਾ (9:13-19)

**13ਛੇਵੇਂ ਦੂਤ ਨੇ ਤੁਰ੍ਹੀ ਵਜਾਈ, ਤਾਂ ਉਸ ਸੋਨੇ ਦੀ ਜਗਵੇਦੀ ਜਿਹੜੀ ਪਰਮੇਸ਼ੁਰ ਦੇ ਅੱਗੇ**
**ਹੈ ਉਹ ਦੇ ਚੌਹਾਂ ਸਿੰਙਾਂ ਵਿੱਚੋਂ ਮੈਂ ਇੱਕ ਅਵਾਜ਼ ਸੁਣੀ। 14ਉਸ ਛੇਵੇਂ ਦੂਤ ਨੂੰ ਜਿਹ ਦੇ ਕੋਲ ਤੁਰ੍ਹੀ**
**ਸੀ ਉਹ ਇਹ ਕਹਿੰਦੀ ਹੈ ਭਈ ਓਹਨਾਂ ਚੌਹਾਂ ਦੂਤਾਂ ਨੂੰ ਜਿਹੜੇ ਵੱਡੇ ਦਰਿਆ ਫ਼ਰਾਤ ਉੱਤੇ**
**ਬੱਧੇ ਹੋਏ ਹਨ, ਖੋਲ੍ਹ ਦਿਹ! 15ਤਾਂ ਓਹ ਚਾਰੇ ਦੂਤ ਜਿਹੜੇ ਘੜੀ, ਦਿਹਾੜੇ, ਮਹੀਨੇ ਅਤੇ**
**ਵਰਹੇ ਲਈ ਤਿਆਰ ਕੀਤੇ ਹੋਏ ਸਨ ਖੋਲ੍ਹੇ ਗਏ ਭਈ ਮਨੁੱਖਾਂ ਦੀ ਇੱਕ ਤਿਹਾਈ ਨੂੰ ਮਾਰ**
**ਸੁੱਟਣ। 16ਅਤੇ ਘੋੜ ਚੜ੍ਹਿਆਂ ਦੀਆਂ ਫੌਜਾਂ ਗਿਣਤੀ ਵਿੱਚ ਵੀਹ ਕਰੋੜ ਸਨ। ਮੈਂ ਓਹਨਾਂ ਦੀ**
**ਗਿਣਤੀ ਸੁਣੀ। 17ਇਸ ਦਰਸ਼ਣ ਵਿੱਚ ਘੋੜਿਆਂ ਅਤੇ ਓਹਨਾਂ ਦਿਆਂ ਸਵਾਰਾਂ ਦੇ ਰੂਪ ਮੈਨੂੰ**
**ਇਉਂ ਦਿੱਸਣ ਭਈ ਓਹਨਾਂ ਦੇ ਸੀਨੇ ਬੰਦ ਅਗਨ ਅਤੇ ਨੀਲਮ ਅਤੇ ਗੰਧਕ ਦੇ ਹਨ ਅਤੇ**
**ਘੋੜਿਆਂ ਦੇ ਸਿਰ ਬਬਰ ਸ਼ੇਰਾਂ ਦੇ ਸਿਰ ਦੀ ਨਿਆਈਂ ਹਨ ਅਤੇ ਓਹਨਾਂ ਦੇ ਮੂੰਹਾਂ ਵਿੱਚੋਂ ਅੱਗ**
**ਅਤੇ ਧੂੰਆਂ ਅਤੇ ਗੰਧਕ ਨਿੱਕਲਦੀ ਹੈ! 18ਅੱਗ ਅਤੇ ਧੂੰਆਂ ਅਤੇ ਗੰਧਕ ਜਿਹੜੀ ਓਹਨਾਂ ਦੇ**
**ਮੂੰਹਾਂ ਵਿੱਚੋਂ ਨਿੱਕਲਦੀ ਸੀ ਇਨ੍ਹਾਂ ਤਿੰਨਾਂ ਬਵਾਂ ਨਾਲ ਮਨੁੱਖਾਂ ਦੀ ਇੱਕ ਤਿਹਾਈ ਜਾਨੋਂ ਮਾਰੀ**
**ਗਈ। 19ਓਹਨਾਂ ਘੋੜਿਆਂ ਦਾ ਬਲ ਓਹਨਾਂ ਦੇ ਮੂੰਹ ਅਤੇ ਓਹਨਾਂ ਦੀਆਂ ਪੂਛਾਂ ਵਿੱਚ ਹੈ,**
**ਕਿਉਂ ਜੋ ਓਹਨਾਂ ਦੀਆਂ ਪੂਛਾਂ ਸੱਪਾਂ ਵਰਗੀਆਂ ਹਨ ਅਤੇ ਓਹਨਾਂ ਦੇ ਸਿਰ ਵੀ ਹਨ ਅਤੇ**
**ਓਹ ਉਨ੍ਹਾਂ ਦੇ ਨਾਲ ਵਿਗਾੜ ਕਰਦੇ ਹਨ।**

ਸੱਤ ਤੁਰ੍ਹੀਆਂ ਦਾ ਅਧਿਐਨ ਕਰਨ ਵਿੱਚ, ਇੱਕ ਵਿਕਾਸ ਹੈ: ਪਹਿਲੀਆਂ ਚਾਰ ਤੁਰ੍ਹੀਆਂ ਇਸ਼ਾਰਾ ਕਰਦੀਆਂ ਹਨ ਕਿ ਆਮ ਤੌਰ ਤੇ ਪਾਪ ਜੀਵਨ ਨੂੰ ਤਬਾਹ ਕਰ ਦਿੰਦਾ ਹੈ। ਪੰਜਵੀਂ ਤੁਰ੍ਹੀ ਇਹ ਐਲਾਨ ਕਰਦੀ ਸੀ ਪਾਪ ਸਤਾਉਂਦਾ ਅਤੇ ਤਸੀਹੇ ਦਿੰਦਾ ਹੈ। ਛੇਵੀਂ ਤੁਰ੍ਹੀ ਇਹ ਚਿਤਾਵਨੀ ਦਿੰਦੀ ਹੈ ਕਿ ਪਾਪ ਦਾ ਨਤੀਜਾ ਅਕਸਰ ਮੌਤ ਹੁੰਦਾ ਹੈ। ਪਾਪ ਨਾ ਸਿਰਫ ਪਾਪੀ ਨੂੰ ਚੋਟ ਪਹੁੰਚਾਉਂਦਾ ਹੈ, ਪਰ ਦੂਜਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ।

**ਆਇਤ 13.** ਜਦੋਂ **ਛੇਵੇਂ ਦੂਤ** ਨੇ ਤੁਰ੍ਹੀ ਵਜਾਈ ਤਾਂ ਯੂਹੰਨਾ ਨੇ **ਸੋਨੇ ਦੀ ਜਗਵੇਦੀ ਜਿਹੜੀ ਪਰਮੇਸ਼ੁਰ ਦੇ ਅੱਗੇ ਹੈ ਉਹ ਦੇ ਚੌਹਾਂ ਸਿੰਙਾਂ ਵਿੱਚੋਂ ਮੈਂ ਇੱਕ ਅਵਾਜ਼ ਸੁਣੀ**। **ਸੋਨੇ ਦੀ ਜਗਵੇਦੀ** ਧੂਪ ਦੀ ਜਗਵੇਦੀ ਸੀ (ਵੇਖੋ ਕੂਚ 37:25-29)। ਕੂਚ 37:25 ਉਸ ਜਗਵੇਦੀ ਦੇ ਸਿੰਙਾਂ ਦੇ ਬਾਰੇ ਦੱਸਦੀ ਹੈ। ਇਹ ਜਗਵੇਦੀ ਦੇ ਕੋਨਿਆਂ ਦੇ ਉੱਪਰ ਦੇ ਵਾਧੇ ਸਨ। ਸੰਕੇਤਕ ਵਿੱਚ ਅਤੇ ਬਾਈਬਲ ਦੇ ਸਾਹਿਤ ਦੀਆਂ ਹੋਰਨਾਂ ਸ਼ੈਲੀਆਂ ਵਿੱਚ, ਸਿੰਙ ਆਮ ਤੌਰ ਤੇ ਬਲ ਵੱਲ ਇਸ਼ਾਰਾ ਕਰਦਾ ਹੈ (5:6 ਤੇ ਟਿੱਪਣੀਆਂ ਵੇਖੋ)। ਧੂਪ ਦੀ ਜਗਵੇਦੀ ਦੇ **ਚਾਰ ਸਿੰਙ** ਇਸ ਲਈ ਵੀ ਮਹੱਤਵਪੂਰਣ ਸਨ ਕਿਉਂਕਿ ਕਈ ਵਾਰ ਕੁਰਬਾਨੀ ਦਾ ਲਹੂ ਉਨ੍ਹਾਂ ਸਿੰਙਾਂ ਤੇ ਲਗਾਇਆ ਜਾਂਦਾ ਸੀ (ਲੇਵੀਆਂ 4:7)। ਪਿਛਲੇ ਅਧਿਆਇ ਵਿੱਚ, ਧੂਪ ਨੂੰ ਸੋਨੇ ਦੀ ਜਗਵੇਦੀ ਤੇ ਸੰਤਾਂ ਦੀਆਂ ਪ੍ਰਾਰਥਨਾਵਾਂ ਨਾਲ ਜੋੜਿਆ ਗਿਆ ਸੀ (8:3 ਤੇ ਟਿੱਪਣੀਆਂ ਵੇਖੋ)। ਉਨ੍ਹਾਂ ਪ੍ਰਾਰਥਨਾਵਾਂ ਦੇ ਜਵਾਬ ਵਿੱਚ, ਵਿਸ਼ਵਾਸੀਆਂ ਦਾ ਵੱਟਾ ਲੈਣ ਦੇ ਲਈ ਜਗਵੇਦੀ ਤੋਂ ਧਰਤੀ ਉੱਤੇ ਅੱਗ ਸੁੱਟੀ ਗਈ ਸੀ। ਸੋਨੇ ਦੀ ਜਗਵੇਦੀ ਨੂੰ ਮੁੜ ਤੋਂ ਪੇਸ਼ ਕਰਨਾ ਸਾਨੂੰ ਇਹ ਯਾਦ ਕਰਾਉਂਦਾ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਨੂੰ ਸੁਣਦਾ ਹੈ ਅਤੇ ਉਨ੍ਹਾਂ ਦੀਆਂ ਬੇਨਤੀਆਂ ਦਾ ਉੱਤਰ ਦਿੰਦਾ ਹੈ।

ਚੌਹਾਂ ਸਿੰਙਾਂ ਵਿੱਚੋਂ ਜੋ **ਅਵਾਜ਼** ਨਿੱਕਲੀ ਉਸ ਦਾ ਜ਼ਿਕਰ ਨਹੀਂ ਕੀਤਾ ਗਿਆ। 16:7 ਵਿੱਚ,

ਜਗਵੇਦੀ ਖੁਦ ਬੋਲੇਗੀ ਅਤੇ ਸ਼ਾਇਦ ਇੱਥੇ ਵੀ ਉਹੋ ਹਾਲਾਤ ਸੀ। ਮਹੱਤਵਪੂਰਣ ਵਰਣਨ ਇਹ ਹੈ ਕਿ ਜਗਵੇਦੀ **ਪਰਮੇਸ਼ੁਰ ਦੇ ਅੱਗੇ** ਸੀ। ਸਿੰਙਾਂ ਵਿੱਚੋਂ ਨਿਕਲਣ ਵਾਲੇ ਸ਼ਬਦ ਇੱਕ ਰੱਬੀ ਹੁਕਮ ਹੈ।

**ਆਇਤ 14.** ਓਹ ਅਵਾਜ਼ **ਓਸ ਛੇਵੇਂ ਦੂਤ ਨੂੰ ਜਿਹ ਦੇ ਕੋਲ ਤੁਰ੍ਹੀ ਸੀ** ਇਹ ਕਹਿੰਦੀ ਹੈ, **ਓਹਨਾਂ ਚੌਹਾਂ ਦੂਤਾਂ ਨੂੰ ਖੋਲ੍ਹ ਦਿਹ!** ਇਹ ਸਥਿਤੀ ਹੀ ਸਿਰਫ ਇੱਕ ਸਮਾਂ ਹੁੰਦਾ ਹੈ ਜਦੋਂ ਇੱਕ ਤੁਰ੍ਹੀ ਵਜਾਉਣ ਵਾਲਾ ਸਵਰਗਦੂਤ ਉਸ ਘਟਨਾ ਵਿਚ ਸ਼ਾਮਲ ਹੋ ਜਾਂਦਾ ਹੈ ਜਿਸ ਦੇ ਵਾਸਤੇ ਉਸ ਨੇ ਘੋਸ਼ਣਾ ਕੀਤੀ ਸੀ।

ਚਾਰ ਸਵਰਗਦੂਤਾਂ ਨੂੰ ਛੱਡ ਦਿੱਤਾ ਜਾਣਾ ਸੀ **ਜਿਹੜੇ ਵੱਡੇ ਦਰਿਆ ਫ਼ਰਾਤ ਉੱਤੇ ਬੱਧੇ ਹੋਏ ਹਨ।** ਬਾਅਦ ਵਿਚ, ਛੇਵੇਂ ਕਟੋਰੇ ਨੂੰ "ਵੱਡੇ ਦਰਿਆ, ਫ਼ਰਾਤ ਉੱਤੇ" ਉੱਤੇ ਉਲੱਦ ਦਿੱਤਾ ਜਾਣਾ ਸੀ (16:12), ਇਸ ਲਈ ਸਪੱਸ਼ਟ ਹੈ ਕਿ ਸਥਾਨ ਮਹੱਤਵਪੂਰਣ ਹੈ।

ਜਿੱਥੋਂ ਤਕ *ਯਹੂਦੀਆਂ* ਦਾ ਸੰਬੰਧ ਸੀ ਫ਼ਰਾਤ ਦਾ ਖਾਸ ਅਰਥ ਸੀ: ਇਹ ਚਾਰਾਂ ਦਰਿਆਵਾਂ ਵਿਚੋਂ ਇੱਕ ਸੀ ਜੋ ਮੂਲ ਰੂਪ ਵਿਚ ਅਦਨ ਤੋਂ ਬਾਹਰ ਵਗਦੇ ਸਨ (ਉਤਪਤ 2:10, 14) – ਮਨੁੱਖ ਦਾ ਪਹਿਲਾ ਘਰ ਅਤੇ ਉਹ ਸਥਾਨ ਜਿੱਥੇ ਮਨੁੱਖ ਨੇ ਪਹਿਲੀ ਵਾਰ ਪਾਪ ਕੀਤਾ ਸੀ (ਉਤਪਤ 3)। ਇਹ ਉਸ ਧਰਤੀ ਦੀ ਉੱਤਰੀ ਹੱਦ ਸੀ ਜਿਹਦੇ ਦੇਣ ਦਾ ਵਾਇਦਾ ਅਬਰਾਹਾਮ ਦੇ ਨਾਲ ਕੀਤਾ ਗਿਆ ਸੀ ਅਤੇ ਫਿਰ ਉਸ ਦੀ ਸੰਤਾਨ ਦਿੱਤੀ ਗਈ ਸੀ (ਉਤਪਤ 15:18; ਕੂਚ 23:31; 1 ਰਾਜਿਆਂ 4:21)। ਇਸ ਤੋਂ ਇਲਾਵਾ, ਇਹ ਖਤਰੇ ਦਾ ਨਿਰੰਤਰ ਸਰੋਤ ਸੀ, ਕਿਉਂਕਿ ਉਨ੍ਹਾਂ ਦੇ ਸਭ ਤੋਂ ਸ਼ਕਤੀਸ਼ਾਲੀ ਦੁਸ਼ਮਣ ਦਰਿਆ ਦੇ ਦੂਜੇ ਪਾਸੇ ਗੁੱਸੇ ਵਿਚ ਬੈਠੇ ਹੋਏ ਸਨ। ਇਸਰਾਈਲ ਨੂੰ ਉਨ੍ਹਾਂ ਦੇ ਪਾਪਾਂ ਦੇ ਲਈ ਸਜ਼ਾ ਦੇਣ ਦੇ ਲਈ ਧਮਕੀਆਂ ਦੇ ਵਿਚ ਫ਼ਰਾਤ ਦਾ ਉਲੇਖ ਕੀਤਾ ਗਿਆ ਸੀ (ਵੇਖੋ ਯਸਾਯਾਹ 8:5-8; ਯਿਰਮਿਯਾਹ 46:10) । ਆਖਿਰਕਾਰ ਅੱਸ਼ੂਰੀਆਂ ਨੇ ਅਤੇ ਬਾਬੁਲ ਦੇ ਲੋਕਾਂ ਨੇ ਫ਼ਰਾਤ ਦਰਿਆ ਨੂੰ ਪਾਰ ਕਰ ਲਿਆ ਸੀ ਅਤੇ ਉਨ੍ਹਾਂ ਨੇ ਉੱਤਰੀ ਅਤੇ ਦੱਖਣੀ ਰਾਜਾਂ ਨੂੰ ਗੁਲਾਮ ਕਰ ਲਿਆ ਸੀ – ਜੋ ਯਹੂਦੀਆਂ ਦਾ ਸਭ ਤੋਂ ਵੱਡਾ ਅਪਮਾਨ ਸੀ।

*ਰੋਮ* ਦੇ ਲਈ ਵੀ ਫ਼ਰਾਤ ਦਰਿਆ ਦਾ ਵਿਸ਼ੇਸ਼ ਮਹੱਤਵ ਸੀ: ਦੂਜੇ ਪਾਸੇ ਪਾਰਥੀਆ ਸੀ, ਜੋ ਰੋਮੀ ਸਾਮਰਾਜ ਦੀਆਂ ਸਰਹੱਦਾਂ ਦੇ ਉੱਤੇ ਇੱਕੋ ਇੱਕ ਫੌਜ਼ੀ ਸ਼ਕਤੀ ਸੀ (ਵੇਖੋ *ਜਾਣ-ਪਛਾਣ, ਚਿੰਨ੍ਹ ਅਤੇ ਨਿਸ਼ਾਨ, ਵੱਖ ਵੱਖ ਕਿਸਮ ਦੇ ਚਿੰਨ੍ਹ, 3. ਚਿੰਨ੍ਹ ਇਤਹਾਸਕ ਪਿਛੋਕੜ ਉੱਤੇ ਅਧਾਰਿਤ ਹਨ, ਰੋਮ ਦਾ ਇੱਕ ਵੈਰੀ: ਪਾਰਥੀਆ* )। ਦੁਨੀਆਂ ਵਿਚ ਸਭ ਤੋਂ ਖਤਰਨਾਕ ਘੋੜਸਵਾਰ ਸੈਨਾ ਪਾਰਥੀਆਂ ਦੀ ਸੀ। 53 ਈ.ਪੂ. ਵਿਚ ਪਾਰਥੀਆਂ ਦੇ ਹੱਥੋਂ ਕ੍ਰੈਸਸ ਦੀ ਅਪਮਾਨਜਨਕ ਹਾਰ ਤੋਂ ਬਾਅਦ, "ਪੂਰਬ ਦੇ ਵੱਲੋਂ ਰਾਜਿਆਂ" ਦੁਆਰਾ "ਵੱਡੇ ਦਰਿਆ ਫਰਾਤ" (16:12) ਦੇ ਆਸ-ਪਾਸ ਤੋਂ ਇੱਕ ਹਮਲਾ ਕਰਨ ਦਾ ਖਿਆਲ ਵੀ ਇੱਕ ਰੋਮੀ ਕਮਾਂਡਰ ਦੀ ਰੀੜ ਦੀ ਹੱਡੀ ਨੂੰ ਠੰਡਾ ਕਰਨ ਦੇ ਲਈ ਕਾਫੀ ਸੀ।

ਰੇ ਸਮਰਸ ਨੇ ਨੋਟ ਕੀਤਾ ਕਿ ਰੋਮੀ ਸਾਮਰਾਜ ਨੂੰ ਹਰਾਉਣ ਦੇ ਲਈ ਤਿੰਨ ਕਾਰਕਾਂ ਨੂੰ ਮਿਲਾਇਆ ਗਿਆ ਸੀ: ਕੁਦਰਤੀ ਆਫ਼ਤਾਂ, ਅੰਦਰੂਨੀ ਨਾਸ, ਅਤੇ ਬਾਹਰੀ ਹਮਲੇ। ਉਸ ਨੇ ਦੱਸਿਆ ਕਿ ਪਹਿਲੀਆਂ ਚਾਰ ਤੁਰ੍ਹੀਆਂ ਦੇ ਵਿਚ ਕੁਦਰਤੀ ਆਫ਼ਤਾਂ ਸ਼ਾਮਲ ਸਨ ਅਤੇ ਉਨ੍ਹਾਂ ਤੇ ਵਿਚਾਰ ਕੀਤਾ ਗਿਆ ਸੀ ਅਤੇ ਪੰਜਵੀਂ ਤੁਰ੍ਹੀ ਦੀਆਂ ਟਿੱਡੀਆਂ ਅੰਦਰੂਨੀ ਨਾਸ ਦਾ ਪ੍ਰਤੀਕ ਸਨ।

ਫਿਰ ਉਸ ਨੇ ਘੋਸ਼ਣਾ ਕੀਤੀ ਕਿ ਛੇਵੀਂ ਤੁਰ੍ਹੀ ਤੀਸਰੇ ਕਾਰਕ: ਬਾਹਰੀ ਹਮਲੇ ਦਾ ਪ੍ਰਤੀਕਾਤਮਕ ਰੂਪ ਹੈ।[26] ਇਹ ਪ੍ਰਯੋਗ ਸੰਭਵ ਹੈ।

ਧਿਆਨ ਵਿਚ ਰੱਖੋ, ਕਿ ਭਾਸ਼ਾ ਪ੍ਰਤੀਕਾਤਮਕ ਹੈ, ਸ਼ਾਬਦਿਕ ਨਹੀਂ ਹੈ। ਰਸੂਲ ਨੇ ਇੱਕ ਨਿਸ਼ਚਤ ਭੂਗੋਲਿਕ ਸਥਿਤੀ ਅਤੇ ਇੱਕ ਵਿਸ਼ੇਸ਼ ਹਮਲਾਵਰ ਸੈਨਾ ਵੱਲ ਧਿਆਨ ਨਹੀਂ ਦਿੱਤਾ ਜਿਵੇਂ ਕਿ ਉਸ ਨੇ ਸਧਾਰਣ ਧਾਰਣਾ ਦਿੱਤੀ ਕਿ ਖਤਰਾ ਆਸੇ-ਪਾਸੇ ਛੁਪਿਆ ਹੋਇਆ ਸੀ – *ਪਾਪ ਦੇ ਕਾਰਣ* ਆਉਣ ਵਾਲਾ ਖਤਰਾ। ਫ਼ਰਾਤ ਦੇ ਪਾਰ ਦੀ ਸੈਨਾ "ਕਿਸੇ ਵੀ ਮਨੁੱਖੀ ਸੈਨਾ ਦੀ ਤੁਲਨਾ ਵਿਚ ਕਿਤੇ ਵੱਧ ਭਿਆਨਕ ਸੀ। ਇਹ ਇੱਕ ਅਲੌਕਿਕ, ਸੱਚਮੁੱਚ ਇੱਕ ਨਰਕ ਦੀ ਸੈਨਾ [ਸੀ]।"[27]

**ਆਇਤ 15.** ਛੇਵੀਂ ਤੁਰ੍ਹੀ ਵਾਲੇ ਸਵਰਗਦੂਤ ਦੀਆਂ ਹਿਦਾਇਤਾਂ ਨੂੰ ਪੂਰਾ ਕੀਤਾ ਗਿਆ: **ਤਾਂ ਓਹ ਚਾਰੇ ਦੂਤ ਜਿਹੜੇ ਘੜੀ, ਦਿਹਾੜੇ, ਮਹੀਨੇ ਅਤੇ ਵਰਹੇ ਲਈ ਤਿਆਰ ਕੀਤੇ ਹੋਏ ਸਨ ਖੋਲ੍ਹੇ ਗਏ ਭਈ ਮਨੁੱਖਾਂ ਦੀ ਇੱਕ ਤਿਹਾਈ ਨੂੰ ਮਾਰ ਸੁੱਟਣ।**

ਆਇਤ 15, *ਕਦੋਂ* ਦਾ ਵੇਰਵਾ ਦੱਸਣਾ ਯੋਗ ਹੈ: ਚਾਰ ਸਵਰਗਦੂਤ **ਘੜੀ, ਦਿਹਾੜੇ, ਮਹੀਨੇ ਅਤੇ ਵਰਹੇ ਲਈ ਤਿਆਰ ਕੀਤੇ ਹੋਏ ਸਨ**। ਇਹ ਸ਼ਬਦਾਵਲੀ ਇੱਕ *ਖ਼ਾਸ* ਸਮੇਂ ਦੇ ਵਿਸ਼ੇ ਵਿਚ ਦੱਸਣ ਦਾ ਇੱਕ ਨਾਟਕੀ ਤਰੀਕਾ ਹੈ – ਇੱਕ ਵਿਸ਼ੇਸ਼ ਸਮਾਂ ਜੋ "ਪਰਮੇਸ਼ੁਰ ਦੇ ਦਿਮਾਗ ਵਿਚ ਸਮਾਂ ਮਿਥਿਆ ਹੋਇਆ ਹੈ।"[28] NIV ਵਿਚ "ਠੀਕ ਇਹੋ ਘੜੀ, ਦਿਨ, ਮਹੀਨਾ ਅਤੇ ਸਾਲ ਹੈ।" SEB ਵਿਚ "ਇਸ *ਸਟੀਕ* ਘੜੀ ਇਸ *ਸਟੀਕ* ਦਿਨ ਇਸ *ਸਟੀਕ* ਮਹੀਨੇ ਇਸ *ਸਟੀਕ* ਸਾਲ ਹੈ।" ਇਸ ਵਾਕ ਦਾ ਸੰਦੇਸ਼ ਇਹ ਹੈ ਕਿ ਪਰਮੇਸ਼ੁਰ ਨਿਯੰਤਰਣ ਕਰ ਰਿਹਾ ਹੈ। ਉਸ ਦੀ ਸਮੇਂ-ਸਾਰਣੀ ਨੂੰ ਸਿਰਫ ਉਹੀ ਜਾਣਦਾ ਹੈ (ਵੇਖੋ ਮੱਤੀ 24:36; ਰਸੂਲਾਂ ਦੇ ਕਰਤੱਬ 1:7) – ਪਰ ਸਹੀ ਸਮੇਂ ਤੇ, ਉਹ ਆਪਣੀਆਂ ਯੋਜਨਾਵਾਂ ਨੂੰ ਪੂਰਾ ਕਰੇਗਾ। ਉਸ ਦੇ ਲੋਕ ਉਸ ਉੱਤੇ ਵਿਸ਼ਵਾਸ ਕਰ ਸਕਦੇ ਹਨ।

ਇਸ ਦਾ ਵੇਰਵਾ ਕਿ ਦੋਵੇਂ ਉਤਸੁਕ ਅਤੇ ਪਰੇਸ਼ਾਨ ਕਿਉਂ ਹਨ: ਸਵਰਗਦੂਤਾਂ ਨੂੰ ਖੋਲ੍ਹਿਆ ਗਿਆ **ਭਈ ਮਨੁੱਖਾਂ ਦੀ ਇੱਕ ਤਿਹਾਈ ਨੂੰ ਮਾਰ ਸੁੱਟਣ**। ਪਹਿਲੀ ਵਾਰ, ਮਨੁੱਖਾਂ ਨੂੰ ਮਾਰਨ ਦੇ ਇੱਕ ਵਿਸ਼ੇਸ਼ ਉਦੇਸ਼ ਦੇ ਲਈ ਇੱਕ ਤੁਰ੍ਹੀ ਵਜਾਈ ਗਈ ਹੈ। ਪਹਿਲੀਆਂ ਚਾਰ ਤੁਰ੍ਹੀਆਂ ਕੁਦਰਤੀ ਸੰਸਾਰ ਦੇ ਵਿਚ ਨਿਰਦੇਸ਼ਿਤ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਦੇ ਕਾਰਣ ਲੋਕਾਂ ਨੂੰ ਸਿਰਫ ਅਸਿੱਧੇ ਰੂਪ ਦੁੱਖ ਸਹਿਣਾ ਪਿਆ। ਪੰਜਵੀਂ ਤੁਰ੍ਹੀ ਦਾ ਨਿਸ਼ਾਨਾ ਮਨੁੱਖ ਜਾਤੀ ਸੀ, ਪਰ ਸਲਾ ਟਿੱਡੀ ਨੂੰ "ਅਤੇ ਓਹਨਾਂ ਨੂੰ ਇਹ ਦਿੱਤਾ ਗਿਆ ਜੋ ਉਨ੍ਹਾਂ ਮਨੁੱਖਾਂ ਨੂੰ ਜਾਨੋਂ ਨਾ ਮਾਰਨ" (ਆਇਤ 5)। ਇਸ ਦੇ ਉਲਟ, ਛੇਵੀਂ ਤੁਰ੍ਹੀ ਦਾ ਸਪਸ਼ੱਟ ਘੋਸ਼ਣਾ ਕੀਤਾ ਹੋਇਆ ਉਦੇਸ਼ ਮਨੁੱਖ ਜਾਤੀ ਦੀ ਇੱਕ ਤਿਹਾਈ ਨੂੰ ਨਾਸ ਕਰਨਾ ਸੀ।

ਪਰਕਾਸ਼ ਦੀ ਪੋਥੀ 8:7-12 ਵਿਚ, "ਧਰਤੀ ਦੀ ਇੱਕ ਤਿਹਾਈ ਸੜ ਗਈ" (ਪਹਿਲੀ ਤੁਰ੍ਹੀ), "ਸਮੁੰਦਰ ਦੀ ਇੱਕ ਤਿਹਾਈ ਲਹੂ ਬਣ ਗਈ" (ਦੂਸਰੀ ਤੁਰ੍ਹੀ), "ਪਾਣੀਆਂ ਦੀ ਇੱਕ ਤਿਹਾਈ ਨਾਗਦਓਣੇ ਜਿਹੀ ਹੋ ਗਈ" (ਤੀਜੀ ਤੁਰ੍ਹੀ), ਤਾਂ ਸੂਰਜ ਦੀ ਇੱਕ ਤਿਹਾਈ ਅਤੇ ਚੰਦਰਮਾ ਦੀ ਇੱਕ ਤਿਹਾਈ ਅਤੇ ਤਾਰਿਆਂ ਦੀ ਇੱਕ ਤਿਹਾਈ ਮਾਰੀ ਗਈ (ਚੌਥੀ ਤੁਰ੍ਹੀ)। ਅਸੀਂ ਜ਼ੋਰ ਦਿੱਤਾ ਕਿ "ਇੱਕ ਤਿਹਾਈ" ਨੇ ਅਧੂਰੇ ਨਿਆਂ ਦਾ ਸੰਕੇਤ ਦਿੱਤਾ ਹੈ। ਇੱਕ ਵਾਰ ਫਿਰ, 9:15 ਵਿਚ, ਨਿਆਂ ਅਧੂਰਾ ਸੀ: ਸੰਪੂਰਣ ਮਨੁੱਖ ਜਾਤੀ ਦਾ ਨਹੀਂ, ਪਰ "ਸਿਰਫ" ਮਨੁੱਖਾਂ ਦੀ ਇੱਕ ਤਿਹਾਈ ਦਾ ਨਾਸ ਕੀਤਾ ਗਿਆ ਸੀ। ਦੋ ਤਿਹਾਈਆਂ ਮਨੁੱਖ-ਜਾਤੀ ਸਥਿਰ ਬਣੀ ਹੋਈ ਹੈ

(ਆਇਤ 20)। ਇਹ ਦੋ ਤਿਹਾਈਆਂ ਵਿਚਲੇ ਲੋਕ ਸਨ ਜਿਨ੍ਹਾਂ ਦੇ ਵਿਸ਼ੇ ਵਿਚ ਪਰਮੇਸ਼ੁਰ ਨੂੰ ਚਿੰਤਾ ਸੀ, ਜਿਨ੍ਹਾਂ ਤੋਂ ਪਰਮੇਸ਼ੁਰ ਨੇ ਆਸ ਕੀਤੀ ਸੀ ਕਿ ਉਹ ਤੋਬਾ ਕਰਣਗੇ।

ਬੰਦ ਦੇ ਹੋਰ ਉਲਝਾਉਣ ਵਾਲੇ ਪੱਖਾਂ ਵਿਚੋਂ ਇੱਕ ਹੈ *ਕੌਣ*: **ਤਾਂ ਓਹ ਚਾਰੇ ਦੂਤ ਜਿਹੜੇ . . . ਖੋਲ੍ਹੇ ਗਏ।** ਜਦਕਿ ਇਸ ਗੱਲ ਦੇ ਵਿਚ ਵਿਸ਼ਵਾਸ ਕਰਨ ਦਾ ਕੋਈ ਕਾਰਣ ਨਹੀਂ ਹੈ ਕਿ ਇਹ ਉਹੀ ਚਾਰ ਸਵਰਗਦੂਤ ਹਨ ਜਿਨ੍ਹਾਂ ਨੇ ਨਾਸ ਕਰਨ ਵਾਲੀਆਂ ਪੌਣਾਂ ਨੂੰ ਫੜਿਆ ਹੋਇਆ ਸੀ (7:1), ਇਹ ਵਿਸ਼ਵਾਸ ਕਰਨ ਦੇ ਕਈ ਕਾਰਣ ਹਨ ਕਿ ਇਹ ਉਹ ਨਹੀਂ ਸਨ: ਅਧਿਆਇ 7 ਦੇ ਸਵਰਗਦੂਤਾਂ ਨੇ ਰੋਕ ਕੇ ਰੱਖਿਆ ਹੋਇਆ *ਹੈ*, ਜਦ ਕਿ ਅਧਿਆਇ 9 ਵਿਚਲੇ ਸਵਰਗਦੂਤਾਂ ਨੂੰ ਰੋਕਿਆ *ਗਿਆ ਸੀ*। ਇਸ ਤੋਂ ਇਲਾਵਾ, ਦੋਵੇਂ ਸਮੂਹ ਵੱਖੋ-ਵੱਖ ਸਥਾਨਾਂ ਉੱਤੇ ਸਥਿਤ ਸਨ। ਪਰ, ਭਾਵੇਂ ਸਵਰਗਦੂਤਾਂ ਦੇ ਦੋਵੇਂ ਸਮੂਹ ਇੱਕੋ ਹੀ ਸਨ, ਜਾਂ ਭਾਵੇਂ ਉਹ “ਚੰਗੇ” ਜਾਂ “ਬੁਰੇ” ਸਨ, ਇਸ ਦਾ ਕੋਈ ਮਹੱਤਵ ਨਹੀਂ ਹੈ। ਉਹ ਭਾਵੇਂ ਵੀ ਕੋਈ ਵੀ ਜਾਂ ਕੁਝ ਵੀ ਕਿਉਂ ਨਾ ਹੋਣ, ਉਹ ਪਰਮੇਸ਼ੁਰ ਦੇ ਦੁਆਰਾ ਨਿਯੰਤਰਿਤ ਕੀਤੇ ਜਾ ਰਹੇ ਸਨ ਅਤੇ ਉਸ ਦੀ ਆਗਿਆ ਨੂੰ ਪੂਰੀ ਕਰਦੇ ਸਨ। ਇਹ ਤੱਥ ਕਿ ਇੱਥੇ *ਚਾਰ* ਸਵਰਗਦੂਤ ਸਨ ਸਿਰਫ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਦੀ ਕਾਰਵਾਈ ਸੰਪੂਰਣ ਧਰਤੀ ਉੱਤੇ ਨਿਰਦੇਸ਼ਿਤ ਕੀਤੀ ਜਾਣੀ ਸੀ।

**ਆਇਤ 16.** ਆਇਤ 16 ਵਿਚ ਇੱਕ ਹੈਰਾਨ ਕਰਨ ਵਾਲੀ ਤਬਦੀਲੀ ਆਉਂਦੀ ਹੈ। ਸਵਰਗਦੂਤਾਂ ਨੂੰ ਇੱਕ ਖਾਸ ਕੰਮ ਕਰਨ ਦੇ ਲਈ ਤਿਆਰ ਰੱਖਿਆ ਗਿਆ ਸੀ। ਉਨ੍ਹਾਂ ਨੂੰ ਨਿਰਦੇਸ਼ ਦਿੱਤੇ ਗਏ ਸਨ ਅਤੇ ਉਨ੍ਹਾਂ ਖੋਲ੍ਹ ਦਿੱਤਾ ਗਿਆ ਸੀ। ਆਇਤ 16 ਵਿਚ ਇਹ ਪੜ੍ਹੇ ਜਾਣ ਦੀ ਉਮੀਦ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਸਵਰਗਦੂਤਾਂ ਨੂੰ ਭੇਜਿਆ ਜਾਵੇਗਾ ਕਿ ਉਹ ਆਪਣੇ ਕੰਮਾਂ ਨੂੰ ਪੂਰਾ ਕਰਨ। ਇਸ ਦੀ ਬਜਾਇ, ਸਾਨੂੰ ਕਿਹਾ ਜਾਂਦਾ ਹੈ **ਅਤੇ ਘੋੜ ਚੜ੍ਹਿਆਂ ਦੀਆਂ ਫੌਜਾਂ ਗਿਣਤੀ ਵਿੱਚ ਵੀਹ ਕਰੋੜ ਸਨ।** ਘੋੜ ਚੜ੍ਹੇ ਕਿੱਥੋਂ ਆਏ ਸਨ? ਸਵਰਗਦੂਤਾਂ ਦਾ ਕੀ ਹੋਇਆ ਸੀ? ਚਾਰ ਸਵਰਗਦੂਤ ਦ੍ਰਿਸ਼ਟੀ ਤੋਂ ਓਹਲੇ ਹੋ ਗਏ, ਤਾਂ ਕਿ ਦੁਬਾਰਾ ਕਦੀ ਵੀ ਉਨ੍ਹਾਂ ਦਾ ਜ਼ਿਕਰ ਨਾ ਕੀਤਾ ਜਾਵੇ।

ਜ਼ਿਆਦਾਤਰ ਟਿੱਪਣੀਕਾਰ ਮੰਨਦੇ ਹਨ ਕਿ ਚਾਰ ਸਵਰਗਦੂਤ ਘੋੜ ਚੜ੍ਹਿਆਂ ਦੀ ਸੈਨਾ ਦੇ *ਇੰਚਾਰਜ* ਸਨ ਅਤੇ ਫ਼ਰਾਤ ਦਰਿਆ ਦੇ ਪਾਰ ਉਨ੍ਹਾਂ ਨੇ ਉਨ੍ਹਾਂ ਦੀ ਅਗਵਾਈ ਕੀਤੀ ਸੀ। ਇਹ ਹੋ ਸਕਦਾ ਹੈ, ਪਰ ਮੂਲਲਿਖਤ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ। ਸੁਪਨੇ ਵਰਗੇ, ਬਦਲਣ ਵਾਲੇ ਕਿਸਮ ਦੇ ਦਰਸ਼ਣਾਂ ਦੀ ਰੌਸ਼ਨੀ ਵਿਚ, ਇੱਕ ਹੋਰ ਸੰਭਾਵਨਾ ਹੁੰਦੀ ਹੈ। ਸਵਰਗਦੂਤਾਂ ਨੂੰ “ਮਨੁੱਖਾਂ ਦੀ ਇੱਕ ਤਿਹਾਈ ਨੂੰ ਮਾਰ ਸੁੱਟਣ” (ਆਇਤ 15) ਦਾ ਹੁਕਮ ਸੀ, ਪਰ ਇਸ ਹੁਕਮ ਨੂੰ ਕਿਸ ਨੇ ਪੂਰਾ ਕਰਨਾ ਸੀ? ਘੋੜਿਆਂ ਅਤੇ ਉਨ੍ਹਾਂ ਦੇ ਸਵਾਰਾਂ ਨੇ (ਆਇਤਾਂ 16-18)। ਇਹ ਹੋ ਸਕਦਾ ਹੈ, ਕਿਉਂਕਿ, ਸਵਰਗਦੂਤ ਅਤੇ ਸੈਨਾ ਸਮਾਨ ਹਨ। ਰੋਬਰਟ ਮੁਲਹੋਲੈਂਡ ਨੇ ਲਿਖਿਆ ਹੈ, “ਕਲਪਨਾ ਦੇ ਬਹੁਤ ਸਾਰੇ ਅਨੁਕੂਲਨਾਂ ਵਿਚੋਂ, ਜੋ ਦਰਸ਼ਣ ਦੇ ਅਨੁਭਵਾਂ ਵਿਚੋਂ ਆਮ ਹਨ, ਚਾਰ ਸਵਰਗਦੂਤ *ਅਚਾਨਕ* ਘੋੜ ਚੜ੍ਹਿਆਂ ਦੀ ਜ਼ਬਰਦਸਤ ਸੈਨਾ *ਬਣ ਗਈ*।”[29]

ਆਧੁਨਿਕ ਫਿਲਮ-ਨਿਰਮਾਣ ਵਿਚ ਇੱਕ ਵਿਸ਼ੇਸ਼ ਪ੍ਰਭਾਵ ਨੂੰ ਇਸਤੇਮਾਲ ਕਰਦੇ ਹਨ ਜਿਸ ਨੂੰ “ਮੌਰਫ਼ ਕਰਨਾ” ਕਿਹਾ ਜਾਂਦਾ ਹੈ, ਜੋ ਇੱਕ ਤਕਨੀਕ ਹੈ ਜਿਸ ਦੇ ਰਾਹੀਂ ਇੱਕ ਵਿਅਕਤੀ (ਜਾਂ ਵਸਤੂ) ਨੂੰ ਦਿੱਖ ਰੂਪ ਵਿਚ ਅਸਾਨੀ ਦੇ ਨਾਲ ਕਿਸੇ ਦੂਸਰੇ ਵਿਅਕਤੀ (ਜਾਂ ਕਿਸੇ ਵਸਤੂ) ਦੇ ਰੂਪ ਵਿਚ ਪਰਿਵਰਤਿਤ ਕੀਤਾ ਜਾਂਦਾ ਹੈ। “ਮੋਰਫ” ਮੈਟਾਮੋਰਫੋਸਿਸ ਦਾ ਛੋਟਾ ਰੂਪ ਹੈ, ਜਿਸ ਦਾ

ਅਰਥ ਹੈ "ਅਕਾਰ ਜਾਂ ਰੂਪ ਵਿਚ ਇੱਕ ਬਦਲਾਅ।" "ਮੈਟਾਮੋਰਫੋਸਿਸ" ਯੂਨਾਨੀ ਦੇ ਸ਼ਬਦ μεταμόρφωσις ਤੋਂ ਲਿਪੀਅੰਤਰਿਤ ਕੀਤਾ ਗਿਆ ਹੈ। ਪੁਰਾਣੇ ਸਮਿਆਂ ਵਿਚ, ਮੂਵੀ ਪਰਿਵਰਤਨਾਂ ਨੂੰ ਸਟੋਪ-ਫਰੇਮ ਨਾਮ ਦੀ ਪ੍ਰਕਿਰਿਆ ਦੇ ਨਾਲ ਪੂਰਾ ਕੀਤਾ ਜਾਂਦਾ ਸੀ ਅਤੇ ਇਹ ਝਟਕੇਦਾਰ ਹੁੰਦਾ ਸੀ। ਆਧੁਨਿਕ "ਮਾਰਫਿੰਗ" ਦੇ ਅਚੰਭੇ ਕੰਮਾਂ ਨੂੰ ਕੰਪਿਊਟਰਾਂ ਦੇ ਦੁਆਰਾ ਪੂਰਾ ਕੀਤਾ ਜਾਂਦਾ ਹੈ। ਜਿਵੇਂ ਕੋਈ ਅਧਿਆਇ 9 ਦੇ ਆਖਰੀ ਭਾਗ ਵਿਚ ਕਲਪਨਾ ਕਰਦਾ ਹੈ, ਉਹ ਸਵਰਗਦੂਤਾਂ ਦੇ ਜਗਮਗਾਉਣ, ਸਥਾਨ ਬਦਲਣ, ਅਤੇ ਬਦਲਾਅ ਨੂੰ ਵੇਖਦਾ ਹੈ ਜਦੋਂ ਤਕ ਉਸ ਦੇ ਸਾਹਮਣੇ ਇੱਕ ਵਿਸ਼ਾਲ ਸੈਨਾ ਖੜੀ ਨਹੀਂ ਹੋ ਜਾਂਦੀ ਹੈ।

ਜਿਵੇਂ ਯੂਹੰਨਾ ਨੇ ਚਿੱਤਰਣ ਕੀਤਾ "ਮੂੰਹਾਂ ਵਿਚੋਂ ਅੱਗ ਨਿਕਲਦੀ ਹੈ, ਮੈਸੋਪੋਤਾਮਿਆ ਤੋਂ ਸੱਪਾਂ ਦੀਆਂ ਪੂਛਾਂ ਵਾਲੇ ਘੋੜੇ ਇੱਧਰ-ਉੱਧਰ ਦੌੜ ਰਹੇ ਸਨ,"[30] ਰਸੂਲ ਨੇ ਪਹਿਲਾਂ ਕਿਹਾ ਕਿ ਸੈਨਾ **ਵਿਚ ਵੀਹ ਕਰੋੜ** ਘੋੜਸਵਾਰ ਸਨ। ਇਹ ਸੰਖਿਆ ਪਰਕਾਸ਼ ਦੀ ਪੋਥੀ ਦੀ ਸਭ ਤੋਂ ਵੱਡੀ ਸੰਖਿਆ ਹੈ। "ਨਿਯਮਿਤ ਗਠਨ ਵਿਚ ਇਸ ਘੋੜ ਚੜ੍ਹਿਆਂ ਦੀ ਸੈਨਾ ਦਾ ਇੱਕ ਦਲ ਇੱਕ ਮੀਲ ਚੌੜਾ ਅਤੇ ਪਚਾਸੀ ਮੀਲ ਲੰਬਾ ਹੋਵੇਗਾ!"[31] ਯੂਹੰਨਾ ਦੇ ਲਈ ਅਜਿਹੇ ਭੀੜ ਦੀ ਗਿਣਤੀ ਕਰਨੀ ਅਸੰਭਵ ਸੀ। ਜਿਵੇਂ ਉਹ ਮਾਮਲਾ ਸੀ ਜਦੋਂ ਉਸ ਨੇ (7:4) ਵਿਚ 144,000 ਨੂੰ ਵੇਖਿਆ ਸੀ, **ਉਸ ਨੇ ਉਨ੍ਹਾਂ ਦੀ ਸੰਖਿਆ ਨੂੰ ਸੁਣਿਆ।** ਕਿਸੇ ਨੇ, ਸ਼ਾਇਦ ਇੱਕ ਸਵਰਗਦੂਤ ਨੇ, ਉਸ ਨੂੰ ਕੁਲ ਸੰਖਿਆ ਦੱਸੀ ਸੀ।

ਸੰਖਿਆ ਨੂੰ ਸ਼ਾਬਦਿਕ ਤੌਰ ਤੇ ਲਿਆ ਜਾਣਾ ਨਹੀਂ ਚਾਹੀਦਾ ਹੈ। ਅਗਲੀ ਆਇਤ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਇਹ ਵਿਸ਼ਾਲ ਸੈਨਾ *ਇੱਕ ਦਰਸ਼ਣ* ਦੇ ਵਿਚ ਵੇਖੀ ਗਈ ਸੀ। "ਦੋ" ਇੱਕ ਸੰਖਿਆ ਸੀ ਜੋ ਤਾਕਤ ਦਾ ਸੰਕੇਤ ਦਿੰਦੀ ਸੀ, ਜਦਕਿ "ਦਸ" ਆਪਣੇ ਆਪ ਨਾਲ ਗੁਣਾ ਕਰਕੇ ਤੇਜ਼ ਪੂਰਣਤਾ ਦਾ ਪ੍ਰਤੀਕ ਹੋ ਗਿਆ ਹੈ। ਇਸ ਪ੍ਰਕਾਰ "ਵੀਹ ਕਰੋੜ" ਦਾ ਅਰਥ *ਅਜਿੱਤ ਤਾਕਤ* ਹੈ। ਜ਼ਬੂਰ 68:17 (ਵੇਖੋ ਦਾਨੀਏਲ 7:10) ਵਿਚ ਇਹ ਸੰਖਿਆ ਪਰਮੇਸ਼ੁਰ ਦੀ ਸੈਨਾ ਦਾ ਹਵਾਲਾ ਦੇਣ ਦੇ ਲਈ ਇਸਤੇਮਾਲ ਕੀਤੀ ਗਈ ਸੀ। ਇੰਨੀ ਵੱਡੀ ਸੰਖਿਆ ਦਾ ਇਸਤੇਮਾਲ ਕਿਉਂ ਕੀਤਾ ਗਿਆ? ਜਿਮ ਮੈਕਗੁਗੈਨ ਨੇ ਉੱਤਰ ਦਿੱਤਾ ਸੀ, "ਦੁਸ਼ਮਣ ਦੇ ਜੀਵਨ ਨੂੰ ਡਰਾਉਣ ਦੇ ਲਈ। ਸੰਤਾਂ ਨੂੰ ਅਨੰਦਿਤ ਕਰਨ ਦੇ ਲਈ ਕਿ ਉਨ੍ਹਾਂ ਦੇ ਪਰਮੇਸ਼ੁਰ ਦੇ ਕੋਲ ਛੁਟਕਾਰਾ ਦੇਣ ਦੇ ਲਈ ਇੰਨੀ ਮਹਾਨ ਸੈਨਾ ਹੈ। ਪਰਮੇਸ਼ੁਰ ਦੇ ਦੰਗ ਕਰ ਦੇਣ ਵਾਲ ਨਿਯੰਤਰਣ ਤੇ ਜ਼ੋਰ ਦੇਣ ਦੇ ਲਈ।"[32] ਸ਼ਾਇਦ ਮੈਕਗੁਗੈਨ ਦੇ ਪਹਿਲੇ ਕਾਰਣ ਵਿਚ ਇੱਕ ਛੋਟਾ ਜਿਹਾ ਬਦਲਾਵ ਕਰਨਾ ਚਾਹੀਦਾ ਹੈ: "ਦੁਸ਼ਮਣ ਦੇ ਅੰਦਰ ਦੇ ਪਾਪ ਨਾਲ ਭਰੇ ਸੁਭਾਅ ਨੂੰ ਦੂਰ ਕਰਨ ਦੇ ਲਈ।" ਇਸ ਗੱਲ ਨੂੰ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਤੁਰ੍ਹੀਆਂ ਧਰਤੀ ਵਾਸੀਆਂ ਨੂੰ ਚੇਤਾਵਨੀ ਦੇਣ ਅਤੇ ਉਨ੍ਹਾਂ ਨੂੰ ਤੋਬਾ ਦੀ ਨੋਬਤ ਤੱਕ ਪਹੁੰਚਾਉਣ ਲਈ ਸਨ।

ਯੂਹੰਨਾ ਦੇ ਦਿਨਾਂ ਵਿਚ ਅਨੋਖੇ ਬਲ ਦਾ ਇਹ ਦਰਸ਼ਣ ਮਸੀਹੀਆਂ ਦੇ ਲਈ ਘੋਸ਼ਣਾ ਕਰਦਾ ਹੈ ਕਿ ਪਰਮੇਸ਼ੁਰ ਦੇ ਕੋਲ ਉਨ੍ਹਾਂ ਨੂੰ ਉਨ੍ਹਾਂ ਦੇ ਸਤਾਉਣ ਵਾਲਿਆਂ ਦੇ ਹੱਥੋਂ ਛੁਟਕਾਰਾ ਦਿਵਾਉਣ ਦੇ ਲਈ ਲੋੜ ਤੋਂ ਵੱਧ ਸਾਧਨ ਹਨ। ਇਹ ਹਰ ਯੁੱਗ ਦੇ ਲਈ ਇਹ ਘੋਸ਼ਣਾ ਕਰਦਾ ਹੈ ਕਿ ਪਾਪ ਹਰ ਯੁੱਗ ਦੇ ਦੇਸ਼ਾਂ ਦੇ ਨਾਲ ਨਾਲ ਲੋਕਾਂ ਦੇ ਲਈ ਭਿਆਨਕ ਅਤੇ ਬਹੁਤ ਸ਼ਕਤੀਸ਼ਾਲੀ ਸਿੱਟੇ ਪੈਦਾ ਕਰਦਾ ਹੈ।

**ਆਇਤ 17.** ਯੂਹੰਨਾ ਘੋੜ ਚੜ੍ਹਿਆਂ ਅਤੇ ਉਨ੍ਹਾਂ ਦੇ ਸਵਾਰਾਂ ਦਾ ਵਰਣਨ ਕਰਨ ਦੇ ਲਈ

ਤਿਆਰ ਸੀ। ਅਜਿਹਾ ਕਰਨ ਤੋਂ ਪਹਿਲਾਂ, ਉਸ ਨੇ ਵਿਆਖਿਆ ਕੀਤੀ, **ਇਸ ਦਰਸ਼ਣ ਵਿੱਚ ਘੋੜਿਆਂ ਅਤੇ ਓਹਨਾਂ ਦਿਆਂ ਸਵਾਰਾਂ ਦੇ ਰੂਪ ਮੈਨੂੰ ਇਉਂ ਦਿੱਸਣ।**

> ਪਰਕਾਸ਼ ਦੀ ਪੋਥੀ ਵਿਚ ਸਿਰਫ ਇਸੇ ਸਥਾਨ ਤੇ ਯੂਹੰਨਾ ਵਿਸ਼ੇਸ਼ ਤੌਰ ਤੇ ਸੰਕੇਤ ਦਿੰਦਾ ਹੈ ਕਿ ਉਸ ਦੇ ਪ੍ਰਕਾਸ਼ਣ ਇੱਕ ਦਰਸ਼ਣ ਵਿਚ ਉਸ ਨੂੰ ਦਿੱਤੇ ਜਾ ਰਹੇ ਹਨ। ਟਿੱਪਣੀ ਇੱਕ "ਫਾਲਤੂ ਜੋੜ" ਨਹੀਂ ਹੈ . . . ਪਰ ਇੱਕ ਸੰਕੇਤ ਕਿ ਉਸ ਦੇ ਵਿਵਰਣ ਸੁਭਾਵਿਕ ਤੌਰ ਤੇ ਬਹੁਤ ਹੀ ਜ਼ਿਆਦਾ ਪ੍ਰਤੀਕਾਤਮਕ ਹੋਣ ਦੇ ਯੋਗ ਹਨ।[33]

ਯੂਹੰਨਾ ਨੇ **ਘੋੜਿਆਂ ਅਤੇ ਉਨ੍ਹਾਂ ਦੇ ਸਵਾਰਾਂ** ਦੇ ਸੰਬੰਧ ਵਿਚ ਆਪਣੇ ਦਰਸ਼ਣ ਦੇ ਵਿਚ ਕੀ ਵੇਖਿਆ ਸੀ? ਸਭ ਤੋਂ ਪਹਿਲਾਂ, ਉਸ ਨੇ ਵੇਖਿਆ ਕਿ **ਓਹਨਾਂ ਦੇ ਸੀਨੇ ਬੰਦ ਅਗਨ ਅਤੇ ਨੀਲਮ ਅਤੇ ਗੰਧਕ ਦੇ ਹਨ।** ਸ਼ਬਦ **ਸਵਾਰਾਂ** ਅਨੁਵਾਦਕਾਂ ਦੇ ਦੁਆਰਾ ਜੋੜ ਦਿੱਤਾ ਗਿਆ ਹੈ। ਮੂਲ ਪਾਠ ਵਿਚ ਇਹ ਗੱਲ ਸਪਸ਼ੱਟ ਨਹੀਂ ਹੈ ਕਿ ਕੀ ਘੋੜਸਵਾਰਾਂ, ਜਾਂ ਘੋੜਿਆਂ, ਜਾਂ ਦੋਵੇਂ ਦੇ **ਸੀਨੇ ਬੰਦ** ਸਨ। ਪਾਰਥੀਆਂ ਦੀ ਸੈਨਾ ਵਿਚ, ਘੋੜੇ ਅਤੇ ਘੋੜ ਸਵਾਰ ਦੋਵੇਂ ਸੀਨੇ ਬੰਦ ਪਹਿਨਦੇ ਸਨ।

ਦਰਸ਼ਣ ਦੇ ਵਿਚ ਸਪਸ਼ੱਟ ਤੌਰ ਤੇ ਤਿੰਨ ਪ੍ਰਾਥਮਿਕ ਰੰਗਾਂ: ਲਾਲ, ਪੀਲਾ, ਅਤੇ ਨੀਲਾ ਦਾ ਇਸਤੇਮਾਲ ਕੀਤਾ ਗਿਆ ਹੈ। **ਅੱਗ** ਦਾ ਰੰਗ ਲਾਲ ਹੋਵੇਗਾ। **ਗੰਧਕ** ਸਲਫਰ ਦਾ ਪੁਰਾਣਾ ਅੰਗ੍ਰੇਜ਼ੀ ਨਾਮ ਹੈ, ਜੋ ਪੀਲਾ ਹੈ। ਸਧਾਰਣ **ਜਲਕੁੰਭੀ** ਦਾ ਫੁੱਲ ਨੀਲਾ ਹੁੰਦਾ ਹੈ। "ਜਲਕੁੰਭੀ" ਸ਼ਬਦ ਯੂਨਾਨੀ ਸ਼ਬਦ ὑακίνθινος (*ਹੁਆਕਿਨਥੈਂਸ*), ਤੋਂ ਲਿਪੀਅੰਤਰਿਤ ਕੀਤਾ ਗਿਆ ਹੈ। ਇੱਕ ਸੰਬੰਧਤ ਸ਼ਬਦ, ὑάκινθος (*ਹੁਆਕਿਨਥੈਂਸ*), ਇੱਕ ਰਤਨ ਦਾ ਹਵਾਲਾ ਦਿੰਦਾ ਹੈ ਜਿਸ ਦਾ ਰੰਗ ਨੀਲਾ ਹੁੰਦਾ ਹੈ। ਇਸ ਪੱਥਰ ਨੂੰ "ਜ਼ਕਰਨ" ਜਾਂ ਇੱਕ "ਜਲਕੰਥ" (ਵੇਖੋ 21:20) ਕਿਹਾ ਜਾਂਦਾ ਹੈ। ਸ਼ਬਦ *ਹੁਆਕਿਨਥੈਂਸ* ਗੂੜੇ ਨੀਲੇ ਰੰਗ ਦਾ ਹਵਾਲਾ ਦੇ ਸਕਦਾ ਹੈ। ਆਇਤ 17 ਦੇ ਆਖਰੀ ਹਿੱਸੇ ਵਿਚ ਸ਼ਬਦ "ਜ਼ਕਰਨ" ਦੀ ਬਜਾਇ "ਧੂੰਆਂ" ਸ਼ਬਦ ਵਰਤਿਆ ਗਿਆ ਹੈ, ਇਸ ਲਈ ਸ਼ਾਇਦ ਇਸ ਰੰਗ ਨੂੰ ਗਹਿਰੇ ਨੀਲੇ ਰੰਗ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ। NCV ਅਨੁਵਾਦ ਕਹਿੰਦਾ ਹੈ, "ਉਨ੍ਹਾਂ ਦੇ ਸੀਨੇ ਬੰਦ ਸਨ ਜੋ ਗੂੜ੍ਹੇ ਲਾਲ, ਗੂੜ੍ਹੇ ਨੀਲੇ, ਅਤੇ ਸਲਫਰ ਵਰਗੇ ਪੀਲੇ ਸਨ।" ਇਸ ਗੱਲ ਉੱਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ, ਕਿ ਆਇਤ 17 ਵਿਚ ਸ਼ਬਦ ਰੰਗ ਅਨੁਵਾਦਕਾਂ ਦੁਆਰਾ ਜੋੜਿਆ ਗਿਆ ਹੈ। ਇਸ ਲਈ ਕੁਝ ਲੋਕ ਸੀਨੇ ਬੰਦਾਂ ਨੂੰ ਸਿਰਫ "ਅੱਗ" ਅਤੇ "ਧੂੰਏਂ" ਦੇ ਰੂਪ ਵਿਚ ਸੋਚਣਾ ਪਸੰਦ ਕਰਦੇ ਹਨ।

ਘੋੜਿਆਂ ਵੱਲ ਮੁੜਦੇ ਹੋਏ, ਯੂਹੰਨਾ ਨੇ ਕਿਹਾ ਕਿ ਉਨ੍ਹਾਂ ਦੇ **ਸਿਰ ਬਬਰ ਸ਼ੇਰਾਂ ਦੀ ਨਿਆਈਂ** ਹਨ। ਸ਼ੇਰ ਦੇ ਪ੍ਰਤੀਕ ਨੂੰ ਪਹਿਲਾਂ ਇਸਤੇਮਾਲ ਕੀਤਾ ਗਿਆ ਹੈ (4:7; 5:5; 9:8)। ਅਧਿਆਇ 9 ਵਿਚ ਮੁਖ ਅਰਥ ਸ਼ਕਤੀ ਲੱਗਦਾ ਹੈ, ਸਜ਼ਾ ਦੇਣ ਜਾਂ ਨਾਸ ਕਰਨ ਦੀ ਸ਼ਕਤੀ ਦੇ ਦੂਸਰੇ ਅਰਥ ਦੇ ਨਾਲ। ਸ਼ੇਰ ਦੇ ਮੂੰਹਾਂ ਵਾਲੇ ਘੋੜੇ ਮਜ਼ਬੂਤ ਸਨ, ਅਤੇ ਉਹ ਹਜ਼ਾਰਾਂ ਦੀ ਹੱਤਿਆ ਕਰਨ ਦੇ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਣਗੇ।

ਘੋੜਿਆਂ ਦੇ ਮੂੰਹਾਂ ਵਿਚ ਅੱਗ ਸੀ: **ਅਤੇ ਓਹਨਾਂ ਦੇ ਮੂੰਹਾਂ ਵਿੱਚੋਂ ਅੱਗ ਅਤੇ ਧੂੰਆਂ ਅਤੇ ਗੰਧਕ ਨਿੱਕਲਦੀ ਹੈ** (14:10 ਦੇ ਵਿਸ਼ੇ ਵਿਚ ਟਿੱਪਣੀਆਂ ਵੇਖੋ)! ਕੋਈ ਆਪਣੇ ਦਿਮਾਗ ਵਿਚ ਅੱਗ ਅਤੇ ਧੂੰਏਂ ਨੂੰ ਵੇਖ ਅਤੇ ਸਲਫਰ ਦੀ *ਗੰਧ* ਦੀ ਕਲਪਨਾ ਕਰ ਸਕਦਾ ਹੈ। ਜੋ ਕੋਈ ਸੜਦੀ ਹੋਈ ਸਲਫਰ ਦੀ ਤੇਜ਼, ਸੜੇ ਹੋਏ ਅੰਡੇ ਵਰਗੀ ਬਦਬੂ ਨੂੰ ਸੁੰਘ ਚੁੱਕਿਆ ਹੈ, ਉਹ ਕਦੀ ਵੀ ਇਸ

ਨੂੰ ਭੁੱਲ ਨਹੀਂ ਸਕਦਾ ਹੈ।

**ਅੱਗ ਅਤੇ ਧੂੰਆਂ ਅਤੇ ਗੰਧਕ** ਪ੍ਰਭੂ ਦੇ ਦੁਆਰਾ ਸਜ਼ਾ ਦੇ ਸਮਾਨਾਰਥਕ ਹਨ। ਜਦੋਂ ਪਰਮੇਸ਼ੁਰ ਨੇ ਮੈਦਾਨੀ ਇਲਾਕਿਆਂ ਦੇ ਦੁਸ਼ਟ ਸ਼ਹਿਰਾਂ ਨੂੰ ਤਬਾਹ ਕੀਤਾ ਸੀ, ਤਾਂ ਉਸ ਨੇ "ਸਦੂਮ ਅਰ ਅਮੂਰਾਹ ਉੱਤੇ ਗੰਧਕ ਅਰ ਅੱਗ . . . ਅਕਾਸ਼ ਤੋਂ ਬਰਸਾਈ" (ਉਤਪਤ 19:24; ਵੇਖੋ ਜ਼ਬੂਰਾਂ ਦੀ ਪੋਥੀ 11:6; ਯਸਾਯਾਹ 34:9, 10; ਹਿਜ਼ਕੀਏਲ 38:22)। ਪਰਕਾਸ਼ ਦੀ ਪੋਥੀ ਉਸ ਸਜ਼ਾ ਦੇ ਵਿਸ਼ੇ ਵਿਚ ਬੋਲਦੀ ਹੈ ਜੋ ਉਨ੍ਹਾਂ ਲੋਕਾਂ ਦੇ ਲਈ ਰੱਖੀ ਗਈ ਹੈ ਜੋ ਸ਼ਤਾਨ ਦੇ ਪਿੱਛੇ ਚੱਲਦੇ ਹਨ:

> [ਉਹ] ਪਵਿੱਤਰ ਦੂਤਾਂ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਅੱਗ ਅਤੇ ਗੰਧਕ ਨਾਲ ਕਸ਼ਟ ਪਾਵੇਗਾ। ਅਤੇ ਓਹਨਾਂ ਦੇ ਕਸ਼ਟ ਦਾ ਧੂੰਆਂ ਜੁੱਗੋ ਜੁੱਗ ਉੱਠਦਾ ਰਹਿੰਦਾ ਹੈ . . . ਰਾਤ ਦਿਨ ਕਦੇ ਚੈਨ ਨਹੀਂ ਪਾਉਂਦੇ (14:10, 11; ਵੇਖੋ 19:20; 20:10; 21:8)।

ਅਸੀਂ ਇਹ ਨਹੀਂ ਕਹਿ ਰਹੇ ਹਾਂ ਕਿ ਪਰਕਾਸ਼ ਦੀ ਪੋਥੀ 9 ਅਧਿਆਇ ਦੇ ਬਬਰ ਸ਼ੇਰਾਂ ਦੇ ਸਿਰਾਂ ਵਾਲੇ ਰਾਕਸ਼ ਅੱਗ ਅਤੇ ਗੰਧਕ ਦੀ ਝੀਲ ਨੂੰ ਦਰਸਾਉਂਦੇ ਹਨ। ਇਹ ਰੇਖਾ ਤੋਂ ਬਾਹਰ ਨਹੀਂ ਹਨ, ਕਹਿਣ ਦੇ ਲਈ ਉਹ ਨਰਕ ਦੇ *ਇੱਕ ਪੂਰਵ ਅਨੁਭਵ ਨੂੰ ਪਰਗਟ ਕਰਦੇ ਹਨ*। ਕਈ ਵਾਰੀ, ਅਨੰਦ ਅਤੇ ਸੰਗਤੀ ਦਿਆਂ ਪਲਾਂ ਦੇ ਦੌਰਾਨ, ਲੋਕ ਕਹਿੰਦੇ ਹਨ, "ਇਹ ਸਵਰਗ ਦਾ ਇੱਕ ਪੂਰਵ ਅਨੁਭਵ ਹੈ।" ਇਸੇ ਤਰ੍ਹਾਂ, ਇਹ ਭਿਆਨਕ ਘੋੜੇ ਮਨੁੱਖ ਜਾਤੀ ਨੂੰ ਅਨੁਮਾਨ ਲਗਾਉਣ ਦੀ ਇਜਾਜ਼ਤ ਦਿੰਦੇ ਹਨ ਕਿ ਨਰਕ ਕਿੰਨਾ ਭਿਆਨਕ ਹੋਵੇਗਾ।

ਸ਼ਾਇਦ ਸਭ ਤੋਂ ਵੱਡਾ ਮਹੱਤਵ ਇਹ ਹੈ ਕਿ **ਓਹਨਾਂ ਦੇ ਮੂੰਹਾਂ ਵਿਚੋਂ** ਅੱਗ ਅਤੇ ਧੂੰਆਂ ਅਤੇ ਗੰਧਕ ਨਿੱਕਲਦੀ ਹੈ। ਆਇਤ 19 ਕਹਿੰਦੀ ਹੈ, "ਓਹਨਾਂ ਘੋੜਿਆਂ ਦਾ ਬਲ ਓਹਨਾਂ ਦੇ ਮੂੰਹ ਵਿੱਚ ਹੈ।" ਪਰਕਾਸ਼ ਦੀ ਪੋਥੀ ਵਿਚ ਪਹਿਲਾਂ, ਯਿਸੂ ਦੇ ਮੂੰਹ ਵਿਚੋਂ ਨਿਕਲਣ ਵਾਲੀ ਤਲਵਾਰ ਉਸ ਦੇ ਨਿਆਂ ਦੇ *ਵਚਨ* ਨੂੰ ਦਰਸਾਉਂਦੀ ਸੀ ਕਿਉਂਕਿ ਇਹ ਉਸ ਦੇ ਮੂੰਹ ਵਿਚੋਂ ਨਿਕਲਦੀ ਸੀ (1:16; 2:16)। ਬਾਅਦ ਵਿਚ ਦੋ ਗਵਾਹ ਆਪਣੇ ਦੁਸ਼ਮਣਾਂ ਨੂੰ ਨਾਸ ਕਰਨ ਦੇ ਲਈ ਆਪਣੇ ਮੂੰਹ ਵਿਚੋਂ ਅੱਗ ਕੱਢਣਗੇ (11:5)। ਫਿਰ, ਇਸ ਪ੍ਰਤਿਰੂਪ ਨੂੰ ਉਨ੍ਹਾਂ ਦੇ *ਸੰਦੇਸ਼ ਦਾ* ਉਲੇਖ ਕਰਦਾ ਹੈ ਜਿਸ ਦਾ ਉਨ੍ਹਾਂ ਨੇ ਪਰਚਾਰ ਕੀਤਾ ਸੀ। ਇਸ ਤੋਂ ਵੀ ਬਾਅਦ ਵਿਚ ਅਜਗਰ ਦੇ ਮੂੰਹ ਵਿਚੋਂ ਪਾਣੀ ਦਾ ਹੜ੍ਹ ਵਗੇਗਾ (12:15), ਅਤੇ ਮਸੀਹ ਦੇ ਦੁਸ਼ਮਣਾਂ ਦੇ ਮੂੰਹ ਵਿਚੋਂ ਭ੍ਰਿਸ਼ਟ ਆਤਮੇ ਨਿਕਲਦੇ ਹਨ (16:13)। ਇਹ ਪਿਛਲੀਆਂ ਦੋਵੇਂ ਘਟਨਾਵਾਂ ਸ਼ਤਾਨ ਦੇ ਰਾਹੀਂ ਝੂਠੇ, ਗਲਤ, ਅਤੇ ਦੁਸ਼ਟ ਪ੍ਰਚਾਰ ਫੈਲਾਉਣ ਦੇ ਅਭਿਆਸ ਨਾਲ ਸੰਬੰਧਤ ਹਨ।

ਇਸੇ ਪਰਕਾਰ "ਅੱਗ ਅਤੇ ਧੂੰਆਂ ਅਤੇ ਗੰਧਕ" ਦਾ ਚਿੱਤਰ ਜੋ ਘੋੜਿਆਂ ਦੇ *ਮੂੰਹਾਂ* ਵਿਚੋਂ ਨਿਕਲ ਰਹੀ ਹੈ ਲੱਗਦਾ ਹੈ ਕਿ ਬੋਲੇ ਜਾਣ ਵਾਲੇ ਸ਼ਬਦ "ਨਰਕ ਦੇ ਪੂਰਵ ਸਵਾਦ" ਦਾ ਇੱਕ ਸਰੋਤ ਹਨ ਜਿਸ ਦਾ ਜ਼ਿਕਰ ਕੀਤਾ ਗਿਆ ਸੀ। ਜਾਨਵਰਾਂ ਦੇ ਮੂੰਹਾਂ ਵਿਚੋਂ ਨਿਕਲਣ ਵਾਲੀ ਅੱਗ ਵਿਚ ਝੂਠੀ ਸਿੱਖਿਆ ਵੀ ਸ਼ਾਮਲ ਹੋਵੇਗੀ। ਐਲਡਰੈਡ ਇਕੋਲਸ ਨੇ ਸੁਝਾਅ ਦਿੱਤਾ ਕਿ ਘੋੜਿਆਂ ਵੱਲੋਂ "ਮਨੁੱਖ ਜਾਤੀ ਦੇ ਲਈ ਅਸਲੀ ਖਤਰਾ ਉਹ ਸੀ ਜੋ ਉਨ੍ਹਾਂ ਦੇ ਮੂੰਹਾਂ ਵਿਚੋਂ ਨਿਕਲਦਾ ਸੀ – ਝੂਠੀਆਂ ਸਿੱਖਿਆਵਾਂ ਜੋ ਲੋਕਾਂ ਨੂੰ ਪਰਮੇਸ਼ੁਰ ਤੋਂ ਦੂਰ ਕਰਦੀਆਂ।"[34] ਪਰ, ਧਾਰਮਿਕ ਅਸ਼ੁੱਧਤਾ ਦੇ ਲਈ ਮੌਤ ਨਾਲ ਨਿਪਟਣ ਵਾਲੀ ਅੱਗ ਨੂੰ ਰੋਕਣਾ ਨਹੀਂ ਚਾਹੀਦਾ ਹੈ। ਕਰਖ਼ਤ, ਕਿਸੇ ਦੇ ਮੂੰਹ

ਵਿਚੋਂ ਬਿਨਾਂ ਸੋਚੇ ਸਮਝੇ ਬੋਲੇ ਗਏ, ਕਠੋਰ ਸ਼ਬਦ ਘੱਟੋ ਘੱਟ ਇੰਨੀਆਂ ਰੂਹਾਂ ਨੂੰ ਬਰਬਾਦ ਜਾਂ ਨਾਸ ਕਰ ਦਿੰਦੇ ਹਨ ਜਿੰਨੇ ਗਲਤ ਸਿੱਖਿਆ ਕਰਦੀ ਹੈ। ਬਬਰ ਸ਼ੇਰਾਂ ਦੇ ਮੂੰਹਾਂ ਵਾਲੇ ਪਸ਼ੂਆਂ ਦੇ ਮੂੰਹਾਂ ਵਿਚੋਂ ਨਿਕਲਣ ਵਾਲਾ ਅੱਗ ਅਤੇ ਧੂੰਆਂ ਯਾਕੂਬ 3:6 ਦੀ ਯਾਦ ਦਿਵਾਉਂਦਾ ਹੈ: "ਜੀਭ ਵੀ ਇੱਕ ਅੱਗ ਹੈ! ਸਾਡਿਆਂ ਅੰਗਾਂ ਵਿੱਚ ਕੁਧਰਮ ਦੀ ਦੁਨੀਆ ਜੀਭ ਹੈ ਜਿਹੜੀ ਸਾਰੀ ਦੇਹੀ ਨੂੰ ਦਾਗ ਲਾਉਂਦੀ ਅਤੇ ਭਵਚੱਕਰ ਨੂੰ ਅੱਗ ਲਾ ਦਿੰਦੀ ਹੈ ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ!"

**ਆਇਤ 18.** ਘੋੜਿਆਂ ਦੇ ਹਥਿਆਰਾਂ ਦੀ ਕਾਰਗੁਜ਼ਾਰੀ ਉਸ ਸਮੇਂ ਵੇਖੀ ਜਾਂਦੀ ਹੈ ਜਦੋਂ **ਅੱਗ ਅਤੇ ਧੂੰਆਂ ਅਤੇ ਗੰਧਕ ਜਿਹੜੀ ਓਹਨਾਂ ਦੇ ਮੂੰਹਾਂ ਵਿੱਚੋਂ ਨਿੱਕਲਦੀ ਸੀ ਇਨ੍ਹਾਂ ਤਿੰਨਾਂ ਬਵਾਂ ਨਾਲ ਮਨੁੱਖਾਂ ਦੀ ਇੱਕ ਤਿਹਾਈ ਜਾਨੋਂ ਮਾਰੀ ਗਈ।** ਇਨ੍ਹਾਂ ਤਿੰਨਾਂ ਬਵਾਂ ਵਿਚ ਫਰਕ ਕਰਨਾ, ਹਰੇਕ ਸਮੀਕਰਨ ਦਾ ਕੋਈ ਹੋਰ ਅਰਥ ਬਣਾਉਣਾ ਬੇਲੋੜਾ ਹੈ। ਬਵਾਂ ਕੂਚ ਦੀ ਕਿਤਾਬ ਦੀ ਭਾਸ਼ਾ ਸ਼ੈਲੀ ਦਾ ਹਿੱਸਾ ਹੈ ਜੋ ਸੰਪੂਰਣ ਪਰਕਾਸ਼ ਦੀ ਪੋਥੀ ਦੇ ਵਿਚ ਇਸਤੇਮਾਲ ਕੀਤਾ ਗਿਆ ਹੈ, ਜਦਕਿ ਤਿੰਨੇ ਸਿਰਫ ਇਸ ਗੱਲ ਦਾ ਸੰਕੇਤ ਦਿੰਦੀਆਂ ਹਨ ਕਿ ਬਵਾਂ ਈਸ਼ੁਰੀ ਨਿਆਂ ਨੂੰ ਦਰਸਾਉਂਦੀਆਂ ਹਨ।

**ਆਇਤ 19.** ਜਿਵੇਂ ਪਹਿਲਾਂ ਨੋਟ ਕੀਤਾ ਗਿਆ ਸੀ, ਇਨ੍ਹਾਂ ਖਤਰਨਾਕ **ਘੋੜਿਆਂ ਦਾ ਬਲ ਓਹਨਾਂ ਦੇ ਮੂੰਹ . . . ਓਹਨਾਂ ਦੀਆਂ ਪੂਛਾਂ** ਵਿੱਚ ਹੈ, ਕਿਉਂ ਜੋ ਓਹਨਾਂ ਦੀਆਂ ਪੂਛਾਂ ਸੱਪਾਂ ਵਰਗੀਆਂ ਹਨ ਅਤੇ ਓਹਨਾਂ ਦੇ ਸਿਰ ਵੀ ਹਨ ਅਤੇ ਓਹ ਉਨ੍ਹਾਂ ਦੇ ਨਾਲ ਵਿਗਾੜ ਕਰਦੇ ਹਨ। ਉਹਨਾਂ ਦੀਆਂ ਘੁੰਮਦੀਆਂ, ਮੁੜਦੀਆਂ, ਅਤੇ ਮਾਰਨ ਵਾਲੀਆਂ ਪੂਛਾਂ ਪਾਠਕ ਨੂੰ ਬਿੱਛੂ ਪੂਛਾਂ ਵਾਲੀਆਂ ਟਿੱਡੀਆਂ ਦੀ ਯਾਦ ਦਿਵਾਉਂਦੀਆਂ ਹਨ। ਅਧਿਆਇ 9 ਦੇ ਘੋੜਿਆਂ ਨੂੰ "ਵੱਡੀਆਂ ਹੋ ਚੁੱਕੀਆਂ ਟਿੱਡੀਆਂ ਕਿਹਾ ਗਿਆ ਹੈ।" ਸੱਪਾਂ ਵਰਗੀਆਂ ਪੂਛਾਂ ਦਾ "ਸੱਪ . . . ਜਿਹੜਾ . . . ਸ਼ਤਾਨ ਕਰਕੇ ਸਦਾਉਂਦਾ ਹੈ" (12:9) ਨਾਲ ਵੀ ਕੋਈ ਸੰਬੰਧ ਹੋ ਸਕਦਾ ਹੈ।

ਇਹ ਘੋੜੇ ਦੋਵਾਂ ਪਾਸਿਆਂ ਤੋਂ ਘਾਤਕ ਸਨ; ਉਹ ਆਉਂਦੇ ਜਾਂ ਜਾਂਦੇ ਕਿਸੇ ਵੀ ਸਮੇਂ ਮਾਰ ਸਕਦੇ ਸਨ। ਬਹੁਤ ਸਾਰੇ ਟਿੱਪਣੀਕਾਰਾਂ ਦਾ ਕਹਿਣਾ ਹੈ ਕਿ ਪਾਰਥੀਅਨ ਘੋੜ-ਸਵਾਰ ਤੀਰਾਂ ਦੀ ਇੱਕ ਵਰਖਾ ਉਸ ਸਮੇਂ ਕਰਦੇ ਹਨ ਜਦੋਂ ਉਹ ਦੁਸ਼ਮਣ ਦੇ ਵੱਲ ਵੱਧਦੇ ਹਨ ਅਤੇ ਇੱਕ ਵਰਖਾ ਉਨ੍ਹਾਂ ਦੇ ਘੋੜਿਆਂ ਦੀਆਂ ਪੂਛਾਂ ਤੇ ਕਰਦੇ ਹਨ ਜਦੋਂ ਉਹ ਨਿਕਲਦੇ ਹਨ। ਹੋ ਸਕਦਾ ਹੈ ਇਸ ਇਤਿਹਾਸਿਕ ਨੋਟ ਨੇ ਆਇਤ 19 ਦੀ ਕਲਪਨਾ ਨੂੰ ਪ੍ਰਭਾਵਿਤ ਕੀਤਾ ਹੋਵੇ।

ਘੋੜ ਚੜ੍ਹਿਆਂ ਅਤੇ ਘੋੜਿਆਂ ਦਾ ਵਿਸਥਾਰ ਦੇ ਨਾਲ ਨਿਰੀਖਣ ਕਰਨ ਤੋਂ ਬਾਅਦ, ਇਹ ਗੱਲ ਪੁੱਛਣ ਦਾ ਸਮਾਂ ਆ ਗਿਆ ਹੈ, ਕਿ ਇਹ ਵੀਹ ਕਰੋੜ ਘੋੜਿਆਂ ਦੀ ਸੈਨਾ ਕਿਸ ਨੂੰ ਦਰਸਾਉਂਦੀ ਹੈ? ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਕੁਝ ਲੋਕਾਂ ਦੀ ਪਸੰਦੀਦਾ ਵਿਆਖਿਆ ਇਹ ਹੈ ਕਿ ਪਰਕਾਸ਼ ਦੀ ਪੋਥੀ 9 ਅਧਿਆਇ ਦੀ ਸੈਨਾ ਇੱਕ ਅਸਲੀ ਸੈਨਾ ਨੂੰ ਦਰਸਾਉਂਦੀ ਹੈ: ਪਹਿਲੀ ਸਦੀ ਦੇ ਪਾਰਥੀ ਲੋਕਾਂ ਤੇ ਪ੍ਰੋਟਿਸਿਟਸਟ ਕੇਂਦ੍ਰਿਤ, ਨਿਰੰਤਰ-ਇਤਿਹਾਸਿਕ ਦ੍ਰਿਸ਼ਟੀਕੋਣ ਦੇ ਸਮਰਥਕਾਂ ਨੇ ਅੱਠਵੀਂ ਅਤੇ ਨੌਵੀਂ ਸਦੀ ਦੀਆਂ ਮੁਸਲਮਾਨ ਫੌਜਾਂ ਨੂੰ ਲਿਖਦੇ ਹੋਏ, ਅਤੇ ਕਈ ਭਵਿੱਖਵਾਦੀ/ਪ੍ਰੀਮਿਲਿਅਨ ਲੋਕਾਂ ਦੇ ਵਾਸਤੇ ਵਰਤਮਾਨ ਸੈਨਾ ਦੀ ਪਸੰਦ ਏਸ਼ੀਆ ਦੇ ਸੈਨਿਕ ਹਨ। ਅਕਸਰ ਘੋੜਿਆਂ ਨੂੰ ਆਪ ਜੰਗ ਦੇ ਹਥਿਆਰਾਂ ਦੇ ਰੂਪ ਵਿਚ ਲਿਆ ਜਾਂਦਾ ਹੈ: ਦੂਸਰੇ ਵਿਸ਼ਵ ਯੁੱਧ ਦੇ ਦੌਰਾਨ, ਟਿੱਪਣੀਕਾਰਾਂ ਨੇ ਅੱਗ-ਕੱਢਣ ਵਾਲੇ ਘੋੜਿਆਂ ਦੀ ਤੁਲਨਾ ਟੈਂਕਾਂ ਅਤੇ

ਅੱਗ ਦੇ ਗੋਲੇ ਸੁੱਟਣ ਵਾਲੇ ਯੰਤਰਾਂ ਦੇ ਨਾਲ ਕੀਤੀ। ਅੱਜ ਸੰਵੇਦੀ-ਵਿਗਿਆਨੀ ਮਿਜ਼ਾਇਲ-ਲਾਂਚਰਾਂ ਅਤੇ ਹੋਰ ਸਮੂਹਿਕ ਵਿਨਾਸ ਦੇ ਯੰਤਰਾਂ ਦਾ ਹਵਾਲਾ ਦੇ ਕੇ ਖੁਸ਼ ਹੁੰਦੇ ਹਨ।

ਪਾਰਥੀ ਕਲਪਨਾ ਦੇ ਸੰਭਵ ਅਪਵਾਦ ਦੇ ਨਾਲ, ਉਪਰੋਕਤ ਵਿਆਖਿਆਵਾਂ ਵਿਚੋਂ ਜ਼ਿਆਦਾਤਰ ਕਿਤਾਬ ਦੀ ਸ਼ੈਲੀ ਅਤੇ ਉਦੇਸ਼ ਦੋਵਾਂ ਦੇ ਨਾਲ ਅਸੰਗਤ ਹਨ। ਟੈਂਕਾਂ, ਅੱਗ ਦੇ ਗੋਲੇ ਸੁੱਟਣ ਵਾਲਿਆਂ ਅਤੇ ਮਿਜ਼ਾਇਲ-ਲਾਂਚਰਾਂ ਦਾ ਜ਼ਿਕਰ ਨਾ ਕਰਨ ਦੇ ਲਈ – ਪਹਿਲੀ ਸਦੀ ਦੇ ਮਸੀਹੀ ਸੈਨਾਵਾਂ ਦੇ ਰਹੱਸਮਈ ਹਵਾਲਿਆਂ ਵਿਚੋਂ ਕਿਹੜਾ ਦਿਲਾਸਾ ਪਾ ਸਕਦੇ ਹਨ ਜੋ ਭਵਿੱਖ ਵਿਚ ਸੈਂਕੜਿਆਂ ਸਾਲਾਂ ਤਕ ਹੋਂਦ ਵਿਚ ਹੋਣਗੇ?

ਦੂਜੇ ਪਾਸੇ, ਆਮ ਤੌਰ ਤੇ ਘੋੜਿਆਂ ਅਤੇ ਉਨ੍ਹਾਂ ਦੇ ਸਵਾਰਾਂ ਨੂੰ ਯੁੱਧ ਦੇ ਪ੍ਰਤੀਕ ਸਮਝਣ ਵਿਚ ਕੋਈ ਗਲਤੀ ਨਹੀਂ ਹੈ। ਇਸ ਸੈਨਾ ਦੀ ਲਾਲ ਘੋੜੇ ਦੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ ਜੋ ਦੂਜੀ ਮੋਹਰ ਦੇ ਤੋੜੇ ਜਾਣ ਤੇ ਛੱਡਿਆ ਗਿਆ ਸੀ (6:3, 4)। ਪਿਛਲੇ ਦਿਨਾਂ ਵਿਚ, ਪਰਮੇਸ਼ੁਰ ਨੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਅਸਲੀ ਫੌਜ਼ਾਂ ਦਾ ਇਸਤੇਮਾਲ ਕੀਤਾ ਸੀ; ਪੁਰਾਣਾ ਨੇਮ ਅਜਿਹੀਆਂ ਉਦਾਹਰਣਾਂ ਦੇ ਨਾਲ ਭਰਿਆ ਹੋਇਆ ਹੈ। ਇਹ ਵੀ ਸੱਚ ਹੈ ਕਿ ਆਖਿਰਕਾਰ ਸ਼ਕਤੀਸ਼ਾਲੀ ਰੋਮੀ ਸਾਮਰਾਜ ਨੂੰ ਹੇਠਾਂ ਲਿਆਉਣ ਦੇ ਲਈ ਪਰਮੇਸ਼ੁਰ ਨੇ ਬਾਹਰੀ ਹਮਲੇ ਦਾ ਇਸਤੇਮਾਲ ਕੀਤਾ। ਪਰਮੇਸ਼ੁਰ ਨੇ ਆਪਣੀਆਂ ਯੋਜਨਾਵਾਂ ਨੂੰ ਪੂਰਾ ਕਰਨ ਦੇ ਲਈ ਆਧੁਨਿਕ ਸਮੇਂ ਦੇ ਭਿਆਨਕ ਯੁੱਧਾਂ ਦਾ ਵੀ ਇਸਤੇਮਾਲ ਕੀਤਾ ਹੈ। ਉਦਾਹਰਣ ਦੇ ਲਈ, ਦੂਸਰੇ ਵਿਸ਼ਵ-ਯੁੱਧ ਨੇ ਮਸੀਹ ਦੇ ਚਰਚਾਂ ਦੇ ਮਿਸ਼ਨ ਯਤਨਾਂ ਨੂੰ ਤੇਜ਼ ਕਰ ਦਿੱਤਾ: ਕਈ ਮਸੀਹੀ ਸੈਨਿਕਾਂ ਨੇ ਘਰ ਵਾਪਸ ਆ ਕੇ ਉਹਨਾਂ ਇਲਾਕਿਆਂ ਦੇ ਵਿਚ ਇੰਜੀਲ ਨੂੰ ਸੁਣਾਉਣ ਦਾ ਫੈਸਲਾ ਕੀਤਾ ਜਿੱਥੇ ਉਹ ਇੱਕ ਸਮੇਂ ਯੁੱਗ ਕੀਤਾ ਸੀ। ਯੁੱਧ ਦੇ ਸੰਬੰਧ ਵਿਚ, ਮਸੀਹੀਆਂ ਦੇ ਲਈ ਇਹ ਸਮਝਣਾ ਬਹੁਤ ਹੀ ਜ਼ਰੂਰੀ ਹੈ ਕਿ ਸੰਸਾਰ ਵਿਚ ਗੜਬੜੀ ਦਾ ਮਤਲਬ ਇਹ ਨਹੀਂ ਸਮਝਣਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਨਿਯੰਤਰਣ ਵਿਚ ਨਹੀਂ ਹੈ। ਉਹ ਨਿਰੰਤਰ ਆਪਣੀਆਂ ਯੋਜਨਾਵਾਂ ਤੇ ਕੰਮ ਕਰਦਾ ਹੈ।

ਹਾਲਾਂਕਿ, ਚੇਤਾਵਨੀ ਦੇ ਦੋ ਸ਼ਬਦਾਂ ਨੂੰ ਜੋੜਿਆ ਜਾਣਾ ਚਾਹੀਦਾ ਹੈ: ਪਹਿਲਾ, *ਜੇਕਰ* ਪ੍ਰਤੀਕਾਤਮਕਤਾ ਕਿਸੇ ਖਾਸ ਯੁੱਧ ਜਾਂ ਸੈਨਾ ਤੱਕ ਸੀਮਿਤ ਨਾ ਹੋਵੇ ਤਾਂ ਆਮ ਤੌਰ ਤੇ ਘੋੜਿਆਂ ਅਤੇ ਉਨ੍ਹਾਂ ਦੇ ਸਵਾਰਾਂ ਨੂੰ ਯੁੱਧ ਦੇ ਪ੍ਰਤੀਕ ਸਮਝਣ ਵਿਚ ਕੋਈ ਗਲਤੀ ਨਹੀਂ ਹੈ। ਜੀ. ਆਰ. ਬੈਸਲੀ-ਮਰੇ ਨੇ ਟਿੱਪਣੀ ਕੀਤੀ ਕਿ ਯੂਹੰਨਾ "ਇਹ ਜਾਣ ਕੇ ਖੁਸ਼, ਅਤੇ ਅਨੰਦਿਤ ਹੋ ਜਾਣਾ ਸੀ . . . ਕਿ ਬਾਅਦ ਦੇ ਕੁਝ ਪਾਠਕਾਂ ਨੇ ਮੰਨ ਲਿਆ ਕਿ ਸਵਾਰ ਅਤੇ ਘੋੜਿਆਂ ਦਾ ਉਸ ਦਾ ਚਿੱਤਰ . . . ਨੂੰ ਗੰਭੀਰ ਯਥਾਰਥਵਾਦ ਦੇ ਦੁਆਰਾ ਲਿਆ ਜਾਣਾ ਚਾਹੀਦਾ ਸੀ।"[35] ਵਾਰਨ ਵਾਈਸਬੇ ਨੇ ਲਿਖਿਆ,

> ਜਿਸ ਪ੍ਰਕਾਰ ਅਸੀਂ ਯੁੱਧ ਦੇ ਘੋੜਿਆਂ, ਜਾਂ ਆਧੁਨਿਕ ਯੁੱਧ ਯੰਤਰਾਂ ਨੂੰ ਜਿਵੇਂ ਟੈਂਕਾਂ ਨੂੰ ਜਾਣਦੇ ਹਾਂ ਉਸ ਪ੍ਰਕਾਰ ਇਹ ਵਿਵਰਣ ਵਿਚ ਫਿਟ ਨਹੀਂ ਹੋ ਸਕਦੇ ਹਨ। ਇਹ ਦਾਅਵਾ ਕਰਨਾ ਕਿ ਇਹ ਇੱਕ ਅਸਲੀ ਸੈਨਾ ਹੈ, ਅਤੇ ਕਿਸੇ ਦੇਸ਼ (ਜਿਵੇਂ ਚੀਨ) ਦਾ ਸੰਕੇਤ ਦੇਣਾ ਜੋ ਵੀਹ ਕਰੋੜ ਸੈਨਿਕ ਹੋਣ ਦਾ ਦਾਅਵਾ ਕਰਦਾ ਹੈ ਯੂਹੰਨਾ ਦੇ ਉਸ ਸੰਦੇਸ਼ ਤੋਂ ਖੁੱਸ ਜਾਣਾ ਹੈ ਜੋ ਉਹ ਦੇਣਾ ਚਾਹੁੰਦਾ ਹੈ।[36]

ਦੂਸਰਾ, ਸਧਾਰਣ ਤੌਰ ਤੇ *ਜੇਕਰ* ਪ੍ਰਤੀਕਵਾਦ ਦੁਨਿਆਵੀ ਯੁੱਧ ਤਕ ਸੀਮਿਤ ਨਹੀਂ ਹੈ ਤਾਂ

ਘੋੜਿਆਂ ਅਤੇ ਉਨ੍ਹਾਂ ਦੇ ਸਵਾਰਾਂ ਨੂੰ ਯੁੱਧ ਦੇ ਪ੍ਰਤੀਕ ਵਜੋਂ ਸਮਝਣ ਵਿਚ ਕੋਈ ਗਲਤ ਗੱਲ ਨਹੀਂ ਹੈ। ਭੌਤਿਕ ਯੁੱਧ *ਮਨੁੱਖ ਦੇ ਪ੍ਰਤਿ ਮਨੁੱਖ ਦੀ ਕਠੋਰਤਾ* ਦਾ ਇੱਕ ਨਮੂਨਾ ਹੈ। ਅਕਸਰ, ਯੁੱਧ ਦੇ ਵਿਚ, ਨਿਰਦੋਸ਼ ਲੋਕ ਦੁੱਖ ਭੋਗਦੇ ਹਨ, ਜੋ ਆਮ ਤੌਰ ਤੇ ਜੀਵਨ ਵਿਚ ਸੱਚ ਹੈ।

ਸੈਨਾ ਨੂੰ ਪਹਿਚਾਨਣ ਦੇ ਸੰਘਰਸ਼ ਨੂੰ "ਵੱਡੀ ਤਸਵੀਰ" ਤੋਂ ਸੰਘਰਸ਼ ਨੂੰ ਵੱਖਰਾ ਨਾ ਕਰਨ ਦਿਓ: ਪਰਮੇਸ਼ੁਰ ਦੀਆਂ ਤੁਰ੍ਹੀਆਂ ਪਾਪੀਆਂ ਦੇ ਲਈ ਚੇਤਾਵਨੀਆਂ ਸਨ। ਜਦੋਂ ਪਹਿਲੀਆਂ ਚਾਰ ਤੁਰ੍ਹੀਆਂ ਵਜਾਈਆਂ ਗਈਆਂ ਤਾਂ, ਪਰਮੇਸ਼ੁਰ ਨੇ ਕੁਦਰਤੀ ਆਫ਼ਤਾਂ ਨੂੰ ਇਸਤੇਮਾਲ ਕੀਤਾ ਕਿ ਲੋਕਾਂ ਨੂੰ ਉਨ੍ਹਾਂ ਦੀ ਅਨਿਸ਼ਚਤ ਸਥਿਤੀ ਦੇ ਵਿਸ਼ੇ ਵਿਚ ਸਾਵਧਾਨ ਕਰੇ। ਜਦੋਂ ਪੰਜਵੀਂ ਤੁਰ੍ਹੀ ਵਜਾਈ ਗਈ, ਤਾਂ ਰਾਕਸ਼ਸੀ ਟਿੱਡੀਆਂ ਨੇ ਮਨੁੱਖ ਜਾਤੀ ਨੂੰ ਉਸ ਪੀੜ ਦੇ ਨਾਲ ਦੁਖੀ ਕੀਤਾ ਜੋ ਪਾਪ ਦੇ ਰਾਹੀਂ ਲਿਆਂਦੀ ਜਾਂਦੀ ਹੈ। ਛੇਵੀਂ ਤੁਰ੍ਹੀ ਨੇ ਪਾਪੀਆਂ ਨੂੰ ਹੋਸ਼ ਵਿਚ ਲਿਆਉਣ ਦੇ ਲਈ "ਪਤਾਲ ਦੇ ਵਿਚੋਂ ਘੋੜ ਚੜ੍ਹਿਆਂ" ਨੂੰ ਪੈਦਾ ਕੀਤਾ। ਰੋਮੀ ਸਾਮਰਾਜ ਦੇ ਵਿਸ਼ੇ ਵਿਚ ਪ੍ਰਯੋਗ ਕੀਤਾ ਜਾ ਸਕਦਾ ਹੈ: ਉਨ੍ਹਾਂ ਦੇ ਧਿਆਨ ਨੂੰ ਖਿੱਚਣ ਦੇ ਲਈ ਪਰਮੇਸ਼ੁਰ ਨੇ ਭੌਤਿਕ ਯੁੱਧ ਦਾ ਇਸਤੇਮਾਲ ਕੀਤਾ। ਪਰ, ਇਹ ਪ੍ਰਯੋਗ ਉਸ ਤੋਂ ਵੱਡਾ ਹੈ: ਜਦੋਂ ਵੀ ਦੁੱਖ ਦੀ ਘਟਨਾ ਹੁੰਦੀ ਹੈ ਅਤੇ ਮੌਤ ਹੁੰਦੀ ਹੈ, ਤਦ ਸਾਰੇ ਮਨੁੱਖਾਂ ਨੂੰ ਪ੍ਰਭੂ ਅਤੇ ਉਸ ਦੀ ਸਮਰੱਥ ਦੀ ਲੋੜ ਮਹਿਸੂਸ ਕਰਨੀ ਚਾਹੀਦੀ ਹੈ।

ਪਰਮੇਸ਼ੁਰ ਪਾਪੀਆਂ ਨੂੰ ਪਿਆਰ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਸਾਰੇ ਪਛਚਾਤਾਪ ਕਰਨ। ਗੁਆਚਿਆਂ ਹੋਇਆਂ ਦੇ ਪ੍ਰਤਿ ਉਸ ਦਾ ਵਰਤਾਰਾ 2 ਪਤਰਸ 3:9, 10 ਵਿਚ ਵਰਣਨ ਕੀਤਾ ਗਿਆ ਹੈ:

> ਪ੍ਰਭੂ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ। ਪਰੰਤੂ ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ।

ਇਹ ਬੰਦ ਸਾਨੂੰ ਕਈ ਮਹੱਤਵਪੂਰਣ ਸੱਚਾਈਆਂ ਨੂੰ ਸਿਖਾਉਂਦਾ ਹੈ: (1) ਪ੍ਰਭੂ ਆਪਣੇ ਆਉਣ ਵਿਚ ਦੇਰੀ ਕਰਦਾ ਹੈ – ਕਿਉਂਕਿ ਉਹ ਨਹੀਂ ਚਾਹੁੰਦਾ ਕਿ ਲੋਕ ਨਾਸ ਹੋਣ। (2) ਪ੍ਰਭੂ ਦੀ ਇੱਛਾ ਇਹ ਹੈ ਕਿ ਪਾਪੀ ਪਛਚਾਤਾਪ ਕਰਨ, ਕਿਉਂਕਿ ਪਛਚਾਤਾਪ ਦੇ ਰਾਹੀਂ ਹੀ ਉਹ ਉਸ ਦੇ ਕੋਲ ਵਾਪਸ ਮੁੜ ਸਕਦੇ ਹਨ। (3) ਕਿਸੇ ਬਿੰਦੂ ਤੇ, ਪ੍ਰਭੂ ਦਾ ਧੀਰਜ ਖਤਮ ਹੋ ਜਾਵੇਗਾ, ਅਤੇ ਪ੍ਰਭੂ ਆ ਜਾਵੇਗਾ। ਫਿਰ ਉਹ ਲੋਕ ਜੋ ਉਸ ਦੀ ਚੇਤਾਵਨੀਆਂ ਨੂੰ ਨਜ਼ਰਅੰਦਾਜ਼ ਕਰਦੇ ਹਨ ਉਹ ਉਸ ਦੀ ਪੂਰੀ ਤਾਕਤ ਨੂੰ ਮਹਿਸੂਸ ਕਰਣਗੇ। ਇਨ੍ਹਾਂ ਵਿਚੋਂ ਹਰ ਇੱਕ ਵਿਸ਼ੇ ਨੂੰ ਸੱਤਾਂ ਤੁਰ੍ਹੀਆਂ ਦੇ ਬੰਦਾਂ ਵਿਚ ਵਿਕਸਿਤ ਕੀਤਾ ਗਿਆ ਹੈ।

ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਪਹਿਲੀਆਂ ਚਾਰ ਤੁਰ੍ਹੀਆਂ ਕਾਇਨਾਤ ਉੱਤੇ ਪਾਪ ਦੇ ਪ੍ਰਭਾਵ ਨੂੰ ਦਰਸਾਉਂਦੀਆਂ ਹਨ, ਪੰਜਵੀਂ ਤੁਰ੍ਹੀ ਖੁਦ ਪਾਪੀ ਦੇ ਉੱਤੇ ਪਾਪ ਦੇ ਪ੍ਰਭਾਵ ਨੂੰ ਦਰਸਾਉਂਦੀ ਹੈ, ਅਤੇ ਛੇਵੀਂ ਤੁਰ੍ਹੀ ਦੂਜਿਆਂ ਦੇ ਉੱਤੇ ਪਾਪ ਦੇ ਪ੍ਰਭਾਵ ਦੇ ਨਾਲ ਵਧੇਰੇ ਸੰਬੰਧਤ ਸੀ। ਇਹ ਸਾਰੀਆਂ "ਮਨੁੱਖਾਂ ਦੀ ਆਤਮ-ਨਿਰਭਰਤਾ ਅਤੇ ਘਮੰਡ ਦਾ ਵਿਰੋਧ ਕਰਨ ਦੇ ਦੁਆਰਾ ਉਸ ਦੇ ਮਾਰਗ ਨੂੰ ਸਹੀ ਕਰਨ ਦੀਆਂ ਕੋਸ਼ਿਸ਼ਾਂ ਨੂੰ ਦਰਸਾਉਂਦੀਆਂ ਹਨ।"[37] ਮੌਰਿਸ ਨੇ ਲਿਖਿਆ,

> ਪਰਮੇਸ਼ੁਰ ਸਾਡੇ ਪਾਪਾਂ ਦੇ ਬੁਰੇ ਨਤੀਜਿਆਂ ਨੂੰ ਵਰਤ ਕੇ ਸਾਨੂੰ ਤੋਬਾ ਕਰਨ ਦੇ ਲਈ ਕਹਿੰਦਾ ਹੈ। ਯੂਹੰਨਾ ਮਨੁੱਖੀ ਪਾਪ ਦੇ ਸਿੱਟੇ ਦੇ ਰੂਪ ਵਿਚ ਇੱਕ ਬਿੰਦੂ ਤੋਂ ਰਾਕਸ਼ਸਾਂ ਦੀਆਂ ਤਾਕਤਾਂ ਨੂੰ ਖੋਲ੍ਹੇ ਜਾਂਦਿਆਂ ਵੇਖਦਾ ਹੈ। ਪਰ ਦੂਜੇ ਪਾਸੇ ਇਹ ਪਰਮੇਸ਼ੁਰ ਦੀ ਤਾੜਨਾ ਹੈ, ਅਤੇ ਪਰਮੇਸ਼ੁਰ ਦੀ ਤਾੜਨਾ ਨਿਸ਼ਚਤ ਨਹੀਂ ਹੈ। ਇਸ ਨੂੰ ਸਹੀ ਢੰਗ ਦੇ ਨਾਲ ਲੈਣਾ ਚਾਹੀਦਾ ਹੈ।[38]

ਪਰਮੇਸ਼ੁਰ ਚਾਹੁੰਦਾ ਹੈ ਕਿ ਸਾਰੇ ਤੋਬਾ ਕਰਨ (2 ਪਤਰਸ 3:9)। ਪਾਪ ਸਾਨੂੰ ਪਰਮੇਸ਼ੁਰ ਤੋਂ ਅੱਡ ਕਰਦਾ ਹੈ (ਯਸਾਯਾਹ 59:1, 2), ਅਤੇ ਉਹ ਚਾਹੁੰਦਾ ਹੈ ਕਿ ਅਸੀਂ ਪਾਪ ਵੱਲੋਂ ਮੁੜ ਕੇ ਉਸ ਦੇ ਵੱਲ ਆਈਏ। ਡੈਨੀਅਲ ਰਸੇਲ ਨੇ ਕਿਹਾ,

> ਇਸੇ ਕਾਰਣ ਬਾਈਬਲ ਤੋਬਾ ਕਰਨ ਦੀ ਇੱਕ ਲੰਮੀ ਬੇਨਤੀ ਹੈ। ਮੂਸਾ ਨੇ ਲੋਕਾਂ ਨੂੰ ਤੋਬਾ ਕਰਨ ਦੇ ਲਈ ਕਿਹਾ। ਨਬੀਆਂ ਨੇ ਪੁਕਾਰਿਆ, "ਮੁੜੋ, ਮੁੜੋ, ਤੁਸੀਂ ਕਿਉਂ ਮਰੋਗੇ?" ਯੂਹੰਨਾ ਬਪਤਿਸਮਾ ਦੇਣ ਵਾਲਾ ਉਜਾੜ ਵਿਚੋਂ, ਜੰਗਲਾਂ ਵਿਚੋਂ, ਅਨੋਖੇ ਰੂਪ ਵਿਚ, ਤੋਬਾ ਦੀ ਮੰਗ ਕਰਦਾ ਹੋਇਆ ਆਉਂਦਾ ਹੈ। ਯਿਸੂ ਦੀ ਆਪਣੀ ਸਿੱਖਿਆ ਵਿਚ ਵੀ ਇਹ ਪੁਕਾਰ ਅਕਸਰ ਕੀਤੀ ਗਈ ਹੈ। "ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਤੋਬਾ ਦੇ ਲਈ ਬੁਲਾਉਣ ਆਇਆ ਹਾਂ।" . . . ਪਤਰਸ ਕਹਿੰਦਾ ਹੈ: "ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਬਪਤਿਸਾ ਲਵੇ। . . . ਇਸ ਲਈ ਤੋਬਾ ਕਰੋ ਅਤੇ ਮੁੜੋ ਭਈ ਤੁਹਾਡੇ ਪਾਪ ਮਿਟਾਏ ਜਾਣ।" ਮਾਰ ਦੇ ਪਹਾੜ ਤੇ ਪੌਲੁਸ ਨੇ ਇਸ ਗੱਲ ਦੀ ਘੋਸ਼ਣਾ ਕੀਤੀ ਕਿ, ਜੇਕਰ ਇੱਕ ਸਮਾਂ ਸੀ ਜਦੋਂ ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ, ਪਰ ਹੁਣ ਉਹ ਸਮਾਂ ਬੀਤ ਗਿਆ ਹੈ; "ਪਰ ਹੁਣ [ਉਹ] ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੋਬਾ ਕਰਨ।" . . . ਪਵਿੱਤਰ ਬਾਈਬਲ ਇੱਕ ਕੱਟੜਪੰਥੀ ਪੁਸਤਕ ਹੈ ਜਿਸ ਵਿਚ ਮਨੁੱਖੀ ਚਰਿੱਤਰ ਵਿਚ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ; ਅਤੇ ਇਹ ਸਪਸ਼ੱਟ ਕਰਦਾ ਹੈ . . . ਕਿ ਇੱਕ ਬੁਰੇ ਆਦਮੀ ਨੂੰ ਇੱਕ ਚੰਗੇ ਆਦਮੀ ਵਿਚ ਬਦਲਣ ਦੇ ਲਈ ਪਰਮੇਸ਼ੁਰ ਦੀ ਪਹਿਲੀ ਅਤੇ ਬੁਨਿਆਦੀ ਅਤੇ ਜ਼ਰੂਰੀ ਮੰਗ ਇਹ ਹੈ ਕਿ ਮਨੁੱਖ ਤੋਬਾ ਕਰੇ।[39]

ਸੱਤ ਤੁਰ੍ਹੀਆਂ ਇਸ ਗੱਲ ਨੂੰ ਘੋਸ਼ਿਤ ਕਰਦੀਆਂ ਹਨ ਕਿ ਪਰਮੇਸ਼ੁਰ ਨੇ ਮਨੁੱਖ ਜਾਤੀ ਨੂੰ ਤੋਬਾ ਦੀ ਨੌਬਤ ਤੱਕ ਪਹੁੰਚਾਉਣ ਦੇ ਲਈ ਉਹ ਸਭ ਕੁਝ ਕੀਤਾ (ਅਤੇ ਕਰ ਰਿਹਾ ਹੈ) ਜੋ ਉਹ ਕਰ ਸਕਦਾ ਸੀ।

## ਰਹਿੰਦਿਆਂ ਮਨੁੱਖਾਂ ਨੇ ਤੋਬਾ ਨਾ ਕੀਤੀ (9:20, 21)

**20ਅਤੇ ਰਹਿੰਦਿਆਂ ਮਨੁੱਖਾਂ ਨੇ ਜਿਹੜੇ ਇਨ੍ਹਾਂ ਬਵਾਂ ਨਾਲ ਮਾਰੇ ਨਹੀਂ ਗਏ ਸਨ ਆਪਣੇ ਹੱਥਾਂ ਦੇ ਕੰਮਾਂ ਤੋਂ ਤੋਬਾ ਨਾ ਕੀਤੀ ਭਈ ਓਹ ਭੂਤਾਂ ਦੀ ਅਤੇ ਸੋਨੇ, ਚਾਂਦੀ, ਪਿੱਤਲ, ਪੱਥਰ ਅਤੇ ਕਾਠ ਦੀਆਂ ਮੂਰਤੀਆਂ ਦੀ ਪੂਜਾ ਨਾ ਕਰਨ ਜਿਹੜੀਆਂ ਨਾ ਵੇਖ, ਨਾ ਸੁਣ, ਨਾ ਤੁਰ ਸੱਕਦੀਆਂ ਹਨ, 21ਨਾ ਓਹਨਾਂ ਆਪਣੇ ਖੂਨਾਂ ਤੋਂ, ਨਾ ਆਪਣੀਆਂ ਜਾਦੂਗਰੀਆਂ ਤੋਂ, ਨਾ ਆਪਣੀ ਹਰਾਮਕਾਰੀ ਤੋਂ, ਨਾ ਆਪਣੀਆਂ ਚੋਰੀਆਂ ਤੋਂ ਤੋਬਾ ਕੀਤੀ।**

**ਆਇਤ 20.** ਮਨੁੱਖ ਨੂੰ ਤੋਬਾ ਦੀ ਨੌਬਤ ਤੱਕ ਪਹੁੰਚਾਉਣ ਦੇ ਲਈ ਪਰਮੇਸ਼ੁਰ ਜੋ ਕੁਝ ਵੀ ਕਰ ਸਕਦਾ ਸੀ ਉਹ ਸਭ ਕੁਝ ਕਰਨ ਦੇ ਬਾਵਜੂਦ ਵੀ, ਵੱਡੇ ਪੈਮਾਨੇ ਤੇ ਮਨੁੱਖ ਜਾਤੀ ਨੇ ਤੋਬਾ ਨਹੀਂ ਕੀਤੀ। **ਅਤੇ ਰਹਿੰਦਿਆਂ ਮਨੁੱਖਾਂ ਨੇ ਜਿਹੜੇ ਇਨ੍ਹਾਂ ਬਵਾਂ ਨਾਲ ਮਾਰੇ ਨਹੀਂ ਗਏ ਸਨ ਆਪਣੇ ਹੱਥਾਂ ਦੇ ਕੰਮਾਂ ਤੋਂ ਤੋਬਾ ਨਾ ਕੀਤੀ।**

ਆਇਤ 20 ਅਤੇ 21 ਵਿਚ ਯੂਹੰਨਾ ਉਨ੍ਹਾਂ ਪਾਪਾਂ ਦੇ ਵਿਸ਼ੇ ਵਿਚ ਬਹੁਤ ਹੀ ਸਪਸ਼ੱਟ ਸੀ ਜਿਨ੍ਹਾਂ ਤੋਂ ਉਨ੍ਹਾਂ ਨੇ ਤੋਬਾ ਨਹੀਂ ਕੀਤੀ ਸੀ। ਲੋਕਾਂ ਨੇ ਬਹੁਤ ਸਾਰੇ ਕੰਮਾਂ ਅਤੇ ਵਿਵਹਾਰਾਂ ਨੂੰ ਫੜੀ ਰੱਖਿਆ ਜੋ ਉਨ੍ਹਾਂ ਨੂੰ ਨਾਸ ਕਰ ਰਹੇ ਸਨ। ਸਭ ਤੋਂ ਪਹਿਲਾਂ *ਦਿਲ ਦੇ ਪਾਪ* ਸਨ – ਖਾਸ ਤੌਰ ਤੇ ਵਿਭਚਾਰ ਦਾ ਪਾਪ। ਉਨ੍ਹਾਂ ਨੇ **ਆਪਣੇ ਹੱਥਾਂ ਦੇ ਕੰਮਾਂ ਤੋਂ ਤੋਬਾ ਨਾ ਕੀਤੀ ਭਈ ਓਹ ਭੂਤਾਂ ਦੀ . . . ਪੂਜਾ ਨਾ ਕਰਨ**। KJV ਵਿਚ "ਸ਼ਤਾਨਾਂ ਦੀ ਪੂਜਾ" ਹੈ, ਪਰ ਸ਼ਤਾਨ ਸਿਰਫ ਇੱਕ ਹੀ ਹੈ। δαιμόνια (*ਡਾਈਮੋਨੀਆ*) ਦਾ ਵਧੇਰੇ ਸਟੀਕ ਅਨੁਵਾਦ ਭੂਤ ਹੈ। ਪੁਰਾਣੇ ਅਤੇ ਨਵੇਂ ਦੋਵੇਂ ਨੇਮਾਂ ਦੇ ਵਿਚ, ਬੁੱਤ ਪੂਜਕਾਂ ਦੀ ਪੂਜਾ ਨੂੰ ਭੂਤਾਂ ਦੀ ਪੂਜਾ ਮੰਨਿਆ ਜਾਂਦਾ ਹੈ (ਬਿਵਸਥਾ ਸਾਰ 32:17; ਜ਼ਬੂਰਾਂ ਦੀ ਪੋਥੀ 106:37; 1 ਕੁਰਿੰਥੀਆਂ 10:20)। ਝੂਠੀ ਸਿੱਖਿਆ ਨੂੰ "ਭੂਤਾਂ ਦੀਆਂ ਡਾਕਟ੍ਰਿਨਾਂ" ਕਿਹਾ ਜਾਂਦਾ ਹੈ (1 ਤਿਮੋਥਿਉਸ 4:1)। ਨਾ ਹੀ ਉਨ੍ਹਾਂ ਨੇ ਤੋਬਾ ਕੀਤੀ ਕਿ **ਸੋਨੇ, ਚਾਂਦੀ, ਪਿੱਤਲ, ਪੱਥਰ ਅਤੇ ਕਾਠ ਦੀਆਂ ਮੂਰਤੀਆਂ ਦੀ ਪੂਜਾ ਨਾ ਕਰਨ ਜਿਹੜੀਆਂ ਨਾ ਵੇਖ, ਨਾ ਸੁਣ, ਨਾ ਤੁਰ ਸੱਕਦੀਆਂ ਹਨ**। **ਮੂਰਤੀਆਂ** ਦੇ ਵਿਸ਼ੇ ਵਿਚ ਇਸ ਪ੍ਰਕਾਰ ਦੇ ਹਵਾਲੇ ਸੰਪੂਰਣ ਬਾਈਬਲ ਵਿਚ ਪਾਏ ਜਾਂਦੇ ਹਨ (ਵੇਖੋ ਬਿਵਸਥਾ ਸਾਰ 4:28; ਜ਼ਬੂਰਾਂ ਦੀ ਪੋਥੀ 115:4-8; 135:15-18; ਯਸਾਯਾਹ 44:12-20; ਯਿਰਮਿਯਾਹ 1:16; ਮੀਕਾਹ 5:13; ਰਸੂਲਾਂ ਦੇ ਕਰਤੱਬ 7:41)।

**ਆਇਤ 21.** ਫਿਰ ਤੋਂ ਮਨੁੱਖ ਜਾਤੀ ਦੇ ਤੋਬਾ ਨਾ ਕਰਨ ਦੀ ਪ੍ਰਤਿਕਿਰਿਆ ਦਾ ਹਵਾਲਾ ਦੇਣ ਤੋਂ ਬਾਅਦ, ਯੂਹੰਨਾ ਨੇ ਫਿਰ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਨੁੱਖ ਜਾਤੀ ਨਿਰੰਤਰ *ਸਰੀਰ ਦਾ ਪਾਪਾਂ* ਵਿਚ ਲੱਗੀ ਰਹੀ। ਜਦੋਂ ਮੂਰਤੀਪੂਜਾ ਜੜ੍ਹ ਹੈ, ਤਾਂ ਅਧਾਰਮਿਕਤਾ ਫਲ ਹੈ। ਮਨੁੱਖ ਜਾਤੀ ਦੇ ਵਿਨਾਸ ਦਾ ਰੇਖਾ-ਚਿੱਤਰ ਖਿੱਚਣ ਵਿਚ, ਪੌਲੁਸ ਨੇ ਧਿਆਨ ਦਿੱਤਾ ਕਿ ਪਹਿਲਾਂ "ਉਨ੍ਹਾਂ ਨੇ ਪਰਮੇਸ਼ੁਰ ਦੀ ਸਚਿਆਈ ਨੂੰ ਝੂਠ ਨਾਲ ਵਟਾ ਦਿੱਤਾ ਅਤੇ ਕਰਤਾਰ . . . ਨੂੰ ਛੱਡ ਕੇ ਸਰਿਸ਼ਟੀ ਦੀ ਪੂਜਾ ਅਤੇ ਉਪਾਸਨਾ ਕੀਤੀ" (ਰੋਮੀਆਂ 1:25)। ਉਨ੍ਹਾਂ ਦੀ ਮੂਰਤੀਪੂਜਾ ਦਾ ਨਤੀਜਾ ਹੇਠਾਂ ਦਿੱਤੀ ਜੀਵਨ ਸ਼ੈਲੀ ਹੋਇਆ:

> [ਓਹ] ਹਰ ਪਰਕਾਰ ਦੇ ਕੁਧਰਮ, ਬਦੀ, ਲੋਭ ਅਤੇ ਬੁਰਿਆਈ ਨਾਲ ਭਰੇ ਹੋਏ ਸਨ। ਖਾਰ, ਘਾਤ, ਝਗੜੇ, ਛਲ ਅਤੇ ਬਦਨੀਤੀ ਨਾਲ ਭਰਪੂਰ ਹੋ ਗਏ। ਲਾਵੇ ਲੁਤਰੇ, ਨਿੰਦਕ, ਪਰਮੇਸ਼ੁਰ ਦੇ ਵੈਰੀ, ਧੱਕੇ ਖੋਰੇ, ਹੰਕਾਰੀ, ਸ਼ੇਖੀਬਾਜ਼, ਬਦੀਆਂ ਦੇ ਉਸਤਾਦ, ਮਾਪਿਆਂ ਦੇ ਅਣਆਗਿਆਕਾਰ, ਨਿਰਬੁੱਧ, ਨੇਮ ਤੋੜਨ ਵਾਲੇ, ਨਿਰਮੋਹ ਅਤੇ ਨਿਰਦਈ ਹੋਏ (ਰੋਮੀਆਂ 1:29-31)।

ਆਇਤ 21 ਸਰੀਰ ਦੇ ਚਾਰ ਵਿਸ਼ੇਸ਼ ਪਾਪਾਂ ਨੂੰ ਸੂਚੀਬੱਧ ਕਰਕੇ ਯੂਹੰਨਾ ਦੇ ਦਿਨਾਂ ਦੇ ਨੈਤਿਕ ਵਾਤਾਵਰਣ ਦੀ ਅੰਤਰਦ੍ਰਿਸ਼ਟੀ ਦਿੰਦੀ ਹੈ: **ਨਾ ਓਹਨਾਂ ਆਪਣੇ ਖੂਨਾਂ ਤੋਂ, ਨਾ ਆਪਣੀਆਂ ਜਾਦੂਗਰੀਆਂ ਤੋਂ, ਨਾ ਆਪਣੀ ਹਰਾਮਕਾਰੀ ਤੋਂ, ਨਾ ਆਪਣੀਆਂ ਚੋਰੀਆਂ ਤੋਂ ਤੋਬਾ ਕੀਤੀ।** ਸੂਚੀਬੱਧ ਚਾਰਾਂ ਪਾਪਾਂ ਵਿਚੋਂ ਤਿੰਨਾਂ ਦੀ ਦਸਾਂ ਹੁਕਮਾਂ ਦੇ ਵਿਚ ਨਿੰਦਾ ਕੀਤੀ ਗਈ ਹੈ: ਛੇਵਾਂ, ਸੱਤਵਾਂ, ਅਤੇ ਅੱਠਵਾਂ ਹੁਕਮ ਸੀ "ਤੂੰ ਖ਼ੂਨ ਨਾ ਕਰ," "ਤੂੰ ਜ਼ਨਾਹ ਨਾ ਕਰ," ਅਤੇ "ਤੂੰ ਚੋਰੀ ਨਾ ਕਰ" (ਕੂਚ 20:13-15)। ਮਸੀਹੀ ਲੋਕ ਹੁਣ ਅਗਾਂਹ ਤੋਂ ਦਸਾਂ ਹੁਕਮਾਂ ਵਿਚ ਬੱਧੇ ਹੋਏ ਨਹੀਂ ਹਨ, ਪਰ ਦਸਾਂ ਵਿਚੋਂ ਨੌ ਨੂੰ ਨਵੇਂ ਨੇਮ ਵਿਚ ਦੁਹਰਾਇਆ ਜਾਂਦਾ ਹੈ ਜਿਨ੍ਹਾਂ ਦੇ ਵਿਚ ਉਹ ਪਾਪ ਵੀ ਸ਼ਾਮਲ ਹਨ ਜਿਨ੍ਹਾਂ ਦੀ ਆਇਤ 21 ਦੀ ਸੂਚੀ ਵਿਚ ਨਿੰਦਾ ਕੀਤੀ ਗਈ ਹੈ (ਵੇਖੋ ਰੋਮੀਆਂ

13:9)। ਇੱਕ ਹੁਕਮ ਜੋ ਨਵੇਂ ਨੇਮ ਵਿਚ ਦੁਹਰਾਇਆ ਨਹੀਂ ਗਿਆ ਹੈ ਉਹ ਚਾਰ ਨੰਬਰ ਹੁਕਮ ਹੈ: "ਤੂੰ ਸਬਤ ਦੇ ਦਿਨ ਨੂੰ ਪਵਿੱਤ੍ਰ ਜਾਣ ਕੇ ਚੇਤੇ ਰੱਖ।"

ਸਧਾਰਣ ਤੌਰ ਤੇ, **ਖੂਨਾਂ** ਦੇ ਖਿਲਾਫ ਬਾਈਬਲ ਦੇ ਅਧਾਰ ਤੇ ਮਨਾਹੀ, ਜੀਵਨ ਨੂੰ ਬਚਾਉਣ ਦੇ ਲਈ ਸੀ (ਵੇਖੋ ਉਤਪਤ 9:6; ਗਿਣਤੀ 35:33)। **ਹਰਾਮਕਾਰੀ** ਦੇ ਖਿਲਾਫ ਮਨਾਹੀ ਦਾ ਉਦੇਸ਼ ਸਰੀਰ ਦੀ ਰੱਖਿਆ ਕਰਨਾ ਸੀ (ਵੇਖੋ 1 ਕੁਰਿੰਥੀਆਂ 6:18; ਅਫ਼ਸੀਆਂ 5:3; 1 ਥੱਸਲੁਨੀਕੀਆਂ 4:3) । ਯੂਨਾਨੀ ਸ਼ਬਦ ਜਿਸ ਦਾ ਅਨੁਵਾਦ "ਹਰਾਮਕਾਰੀ" ਕੀਤਾ ਗਿਆ ਹੈ ਉਹ ਸ਼ਬਦ πορνεία (*ਪੋਰਨੇਈਆ*) ਤੋਂ ਹੈ, ਜੋ ਸ਼ਬਦ ਵਿਭਚਾਰ ਦੇ ਲਈ ਹੈ (KJV)। ਪਰਕਾਸ਼ ਦੀ ਪੋਥੀ 9:21 ਵਿਚ, ਇਹ ਸ਼ਬਦ ਆਮ ਤੌਰ ਤੇ ਜਿਨਸੀ ਪਾਪ ਦਾ ਹਵਾਲਾ ਦਿੰਦਾ ਹੈ। NIV ਵਿਚ ਇਹ "ਜਿਨਸੀ ਬਦਚਲਣੀ" ਹੈ। ਇਸ ਪਾਬੰਦੀ ਨੇ ਘਰ ਅਤੇ ਵਿਆਹ ਦੀ ਸੁਰੱਖਿਆ ਵੀ ਕੀਤੀ ਹੈ। **ਚੋਰੀਆਂ** ਦੇ ਖਿਲਾਫ ਮਨਾਹੀ ਨੇ ਸੰਪਤੀ ਦੀ ਰੱਖਿਆ ਕੀਤੀ ਹੈ (ਵੇਖੋ ਕਹਾਉਤਾਂ 30:9; ਜ਼ਕਰਯਾਹ 5:3; ਅਫ਼ਸੀਆਂ 4:28)।

ਸੂਚੀ ਵਿਚ ਦੂਸਰਾ ਪਾਪ – **ਜਾਦੂਗਰੀਆਂ** – ਬਾਕੀ ਦੇ ਤਿੰਨਾਂ ਦੇ ਵਾਂਗ ਪ੍ਰਸਿੱਧ ਨਹੀਂ ਹੈ। "ਜਾਦੂਗਰੀਆਂ" ਦਾ ਅਨੁਵਾਦ ਸ਼ਬਦ φαρμακεία (*ਫਾਰਮੇਕੇਆ*) ਤੋਂ ਕੀਤਾ ਗਿਆ ਹੈ, ਇਹ ਉਹ ਸ਼ਬਦ ਹੈ ਜਿਸ ਤੋਂ ਅਸੀਂ ਸ਼ਬਦ "ਫਾਰਮੈਸੀ" ਪ੍ਰਾਪਤ ਕਰਦੇ ਹਾਂ। ਡਬਲਿਯੂ. ਈ. ਵਾਇਨ ਨੇ ਵਿਆਖਿਆ ਕੀਤੀ ਹੈ ਕਿ ਇਹ ਸ਼ਬਦ "ਮੁੱਖ ਤੌਰ ਤੇ 'ਦਵਾਈ [ਜਾਂ] ਡ੍ਰਗਜ਼ ਦੇ ਇਸਤੇਮਾਲ ਦਾ ਸੰਕੇਤਕ ਸ਼ਬਦ ਹੈ'" ਪਰ ਇਹ "ਜਾਦੂਗਰੀ" ਦਾ ਹਵਾਲਾ ਵੀ ਦੇ ਸਕਦਾ ਹੈ।[40] ਬਾਅਦ ਵਿਚ ਵਰਤੋਂ ਦੇ ਵਿਸ਼ੇ ਵਿਚ, ਵਾਇਨ ਨੇ ਲਿਖਿਆ,

> ਜਾਦੂਗਰੀ ਵਿਚ, ਡ੍ਰਗਜ਼ ਦੇ ਇਸਤੇਮਾਲ ਵਿਚ . . . ਆਮ ਤੌਰ ਤੇ ਜਾਦੂਗਰੀ ਸ਼ਕਤੀਆਂ ਦੇ ਮੰਤਰ ਅਤੇ ਬੇਨਤੀਆਂ, ਕਈ ਜਾਦੂਗਰੀ ਸ਼ਕਤੀਆਂ ਵਾਲੀਆਂ ਚੀਜ਼ਾਂ, ਤਾਵੀਜ਼ ਆਦਿ ਸ਼ਾਮਲ ਹੁੰਦੇ ਸਨ, ਜੋ ਰੋਗੀ ਜਾਂ ਨਿਵੇਦਕ ਨੂੰ ਦੁਸ਼ਟਾਤਮਾਵਾਂ ਦੀ ਸ਼ਕਤੀ ਅਤੇ ਆਕਰਸ਼ਣ ਤੋਂ ਦੂਰ ਰੱਖਣ ਦੇ ਲਈ ਬਣਾਏ ਜਾਂਦੇ ਸਨ, ਪਰ ਅਸਲ ਵਿਚ ਇਹ ਨਿਵੇਦਕ ਨੂੰ ਰਹੱਸਮਈ ਉਪਾਵਾਂ ਅਤੇ ਜਾਦੂਗਰੀ ਦੀਆਂ ਸ਼ਕਤੀਆਂ ਵੱਲ ਪ੍ਰਭਾਵਿਤ ਕਰਨ ਦੇ ਲਈ ਹੁੰਦੇ ਹਨ।[41]

ਯੂਨਾਨੀ ਸ਼ਬਦ *ਫਾਰਮੇਕੇਆ* ਨਵੇਂ ਨੇਮ ਵਿਚ ਤਿੰਨ ਵਾਰ ਆਉਂਦਾ ਹੈ: ਪਰਕਾਸ਼ ਦੀ ਪੋਥੀ 9:21; 18:23; ਅਤੇ ਗਲਾਤੀਆਂ 5:20. KJV ਵਿਚ ਗਲਾਤੀਆਂ 5:20 ਵਿਚ ਇਸ ਦਾ ਅਨੁਵਾਦ "ਜਾਦੂ-ਟੂਣੇ" ਦੇ ਰੂਪ ਵਿਚ ਕੀਤਾ ਗਿਆ ਹੈ, ਪਰ NKJV ਵਿਚ ਇਸ ਦਾ ਅਨੁਵਾਦ "ਜਾਦੂਗਰੀ" ਕੀਤਾ ਗਿਆ ਹੈ। NIV ਵਿਚ ਪਰਕਾਸ਼ ਦੀ ਪੋਥੀ 9:21 ਵਿਚ "ਜਾਦੂ ਦੀ ਕਲਾ" ਪਰ ਪਰਕਾਸ਼ ਦੀ ਪੋਥੀ 18:3 ਵਿਚ ਇਸ ਦਾ ਅਨੁਵਾਦ "ਜਾਦੂ-ਟੂਣਾ" ਕੀਤਾ ਗਿਆ ਹੈ। "ਜਾਦੂ" ਅਤੇ "ਜਾਦੂਗਰੀ" ਵਿਚਕਾਰ ਅੰਤਰ ਨੂੰ ਧਿਆਨ ਵਿਚ ਰੱਖਦੇ ਹੋਏ ਕੁਝ ਮਹੱਤਵ ਹੋ ਸਕਦਾ ਹੈ: ਨਾਮੀ ਜਾਦੂਗਰ ("ਮੰਚ ਜਾਦੂਗਰ") ਕੁਝ ਗੁਪਤ ਰਹੱਸਮਈ ਸ਼ਕਤੀਆਂ ਦੀ ਸਹਾਇਤਾ ਦੇ ਨਾਲ ਆਪਣੇ ਟ੍ਰਿਕ ਕਰਨ ਦਾ ਵਿਖਾਵਾ *ਨਹੀਂ* ਕਰਦੇ; ਉਨ੍ਹਾਂ ਦੇ "ਜਾਦੂਗਰੀ ਦੇ ਕਾਰਨਾਮੇ" ਪਹੇਲੀਆਂ ਦੀ ਤੁਲਨਾ ਵਿਚ ਬਹੁਤ ਹੀ ਘੱਟ ਹੁੰਦੇ ਹਨ ਜਿਨ੍ਹਾਂ ਸਮਝਣ ਦੀ ਕੋਸ਼ਿਸ਼ ਕਰਨ ਦੇ ਵਿਚ ਉਨ੍ਹਾਂ ਦੇ ਦਰਸ਼ਕਾਂ ਨੂੰ ਖੁਸ਼ੀ ਮਿਲਦੀ ਹੈ।

ਜਦੋਂ ਕੋਈ ਕੱਟੜ ਪੁਰਾਰਤੱਵਵਾਦੀ ਪਰਕਾਸ਼ ਦੀ ਪੋਥੀ 9:21, ਦੇ ਖੂਨਾਂ, ਜਾਦੂਗਰੀਆਂ, ਹਰਾਮਕਾਰੀ, ਅਤੇ ਚੋਰੀਆਂ ਦੇ ਵਿਸ਼ੇ ਵਿਚ ਪੜ੍ਹਦਾ ਹੈ, ਤਾਂ ਉਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਇਹ

ਆਇਤ ਖਾਸ ਤੌਰ ਤੇ ਯੂਹੰਨਾ ਦੇ ਦਿਨਾਂ ਵਿਚ ਮਨੁੱਖ ਜਾਤੀ ਦੀ ਹਾਲਤ ਨੂੰ ਦਰਸਾਉਂਦੀ ਹੈ। ਇੱਕ ਭਵਿੱਖਵਾਦੀ/ਪ੍ਰਮੁੱਖ ਸਦੀਵੀ ਦਾ ਤਰਕ ਹੈ ਕਿ ਬੰਦ ਭਵਿੱਖ ਵਿਚ ਕੋਈ ਸੱਤਾਂ ਸਾਲਾਂ ਦੀ ਮਿਆਦ ਦੇ ਦੌਰਾਨ ਦੁਨੀਆਂ ਦੀ ਸਥਿਤੀ ਦੇ ਬਾਰੇ ਦੱਸਦਾ ਹੈ। ਕਿਸੇ ਵੀ ਵਿਚਾਰ ਦੇ ਸਮਰਥਕਾਂ ਇੱਕ ਪਲ ਰੁੱਕ ਕੇ ਆਪਣੇ ਆਲੇ-ਦੁਆਲੇ ਵੇਖਣਾ ਚਾਹੀਦਾ ਹੈ। ਇਹ ਪਾਪ ਤੋਬਾ ਨਾ ਕਰਨ ਵਾਲੇ ਸੰਸਾਰ ਦੇ ਲੱਛਣ ਹੁੰਦੇ ਆਏ ਹਨ, ਹੋ ਰਹੇ ਹਨ, ਅਤੇ ਪ੍ਰਭੂ ਦੇ ਦੁਬਾਰਾ ਵਾਪਸ ਆਉਣ ਤੱਕ ਹੁੰਦੇ ਰਹਿਣਗੇ।

ਆਇਤ 20 ਅਤੇ 21 ਵਿਚ, ਯੂਹੰਨਾ ਨੇ ਦਿਲ ਦੇ ਪਾਪਾਂ ਅਤੇ ਸਰੀਰ ਦੇ ਪਾਪਾਂ ਨੂੰ ਸੂਚੀਬੱਧ ਕੀਤਾ ਹੈ। ਪਰਮੇਸ਼ੁਰ ਇਨ੍ਹਾਂ ਦੋਵੇਂ ਦੇ ਪ੍ਰਤਿ ਚਿੰਤਤ ਹੈ। ਤੋਬਾ ਕਰਨ ਵਿਚ ਇੱਕ ਵਿਅਕਤੀ ਦੇ ਅੰਦਰ ਅਤੇ ਬਾਹਰ ਦੋਵੇਂ ਹਿੱਸੇ ਸ਼ਾਮਲ ਹੁੰਦੇ ਹਨ, ਦਿਲ ਅਤੇ ਸਰੀਰ, ਕਿਸੇ ਦੇ ਵਿਚਾਰ ਅਤੇ ਕਿਰਿਆਵਾਂ। ਸੱਚੀ ਤੋਬਾ "ਮਨ ਦਾ ਬਦਲਣਾ ਹੈ ਜੋ ਜੀਵਨ ਨੂੰ ਬਦਲ ਦਿੰਦਾ ਹੈ" (ਵੇਖੋ ਰਸੂਲਾਂ ਦੇ ਕਰਤੱਬ 26:20)। ਮੁਲਹੌਲੈਂਡ ਦੇ ਸ਼ਬਦਾਂ ਵਿਚ, ਸਾਨੂੰ "ਅੰਦਰੂਨੀ ਪੁਰਨਨਿਰਮਾਣ" ਅਤੇ "ਇੱਕ ਬਾਹਰੀ ਪੁਨਰਗਠਨ" ਦੀ ਲੋੜ ਹੈ।[42]

ਸੱਤਵੀਂ (ਅਤੇ ਆਖਰੀ) ਤੁਰ੍ਹੀ ਉਦੋਂ ਤਕ ਨਹੀਂ ਵੱਜੇਗੀ ਜਦੋਂ ਤਕ ਅਧਿਆਇ 11 ਸਮਾਪਤ ਨਾ ਹੋ ਜਾਵੇ, ਪਰ ਇਹ ਸੱਚਾਈਆਂ ਸਾਡੇ ਤੁਰ੍ਹੀਆਂ ਦੇ ਅਧਿਐਨ ਤੋਂ ਪਹਿਲਾਂ ਹੀ ਸਪਸ਼ੱਟ ਹਨ:

1. ਪਾਪ ਭਿਆਨਕ ਹੈ।
2. ਪਾਪ ਜਿਸ ਚੀਜ਼ ਨੂੰ ਵੀ ਛੂੰਹਦਾ ਹੈ ਉਸ ਨੂੰ ਤਬਾਹ ਕਰ ਦਿੰਦਾ ਹੈ।
3. ਪਾਪ ਇੱਕ ਅਜਿਹੀ ਚੀਜ਼ ਹੈ ਜੋ ਪਰਮੇਸ਼ੁਰ ਦਾ ਨਿਰਾਦਰ ਕਰਦੀ ਹੈ।
4. ਜਦੋਂ ਅਸੀਂ ਪਾਪ ਕਰਦੇ ਹਾਂ ਤਾਂ ਪਰਮੇਸ਼ੁਰ ਸਾਡੇ ਪ੍ਰਤਿ ਦਿਆਲੂ ਅਤੇ ਕਿਰਪਾਲੂ ਹੁੰਦਾ ਹੈ।
5. ਜੇਕਰ ਅਸੀਂ ਪਰਮੇਸ਼ੁਰ ਦੀ ਦਯਾ ਦਾ ਲਾਭ ਉਠਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਜ਼ਰੂਰ ਤੋਬਾ ਕਰਨੀ ਚਾਹੀਦੀ ਹੈ।
6. ਸੱਚੀ ਤੋਬਾ ਸਾਨੂੰ ਅੰਦਰੋਂ ਅਤੇ ਬਾਹਰੋਂ ਬਦਲ ਦੇਵੇਗੀ।
7. ਸਮਾਂ ਥੋੜਾ ਅਤੇ ਅਨਿਸ਼ਚਤ ਹੈ। ਜੇਕਰ ਅਸੀਂ ਤੋਬਾ ਕਰਨਾ ਚਾਹੁੰਦੇ ਹਾਂ, ਤਾਂ ਇਹ ਸਾਨੂੰ ਹੁਣੇ ਕਰਨੀ ਪਵੇਗੀ!

# ਪ੍ਰਾਸੰਗਿਕਤਾ

### ਪੰਜਵੀਂ ਤੁਰ੍ਹੀ ਦੀ ਅਵਾਜ਼ (9:1-11)

9:9–11 ਦੇ ਉੱਤੇ ਇੱਕ ਉਪਦੇਸ਼ ਦਾ ਸਿਰਲੇਖ "ਪਾਪ ਦੀ ਪੀੜ੍ਹ" ਹੋ ਸਕਦਾ ਹੈ। ਇੱਕ ਨਾਟਕੀ ਸਿਰਲੇਖ ਦੇ ਲਈ, ਹੋ ਸਕਦਾ ਹੈ ਤੁਹਾਨੂੰ "ਪਤਾਲ ਦੇ ਵਿਚੋਂ ਟਿੱਡੀਆਂ ਦਾ ਨਿਕਲਣਾ" ਚੰਗਾ ਲੱਗੇ। ਇਸ ਮੂਲਲਿਖਤ ਨੂੰ ਕਿਸੇ *ਵਿਸ਼ੇਸ਼* ਪਾਪ ਦੇ ਸਿੱਟਿਆਂ ਤੇ ਜ਼ੋਰ ਦੇਣ ਦੇ ਲਈ ਵਰਤਿਆ ਜਾ ਸਕਦਾ ਹੈ, ਜਿਵੇਂ ਕਿ ਸਮਲਿੰਗਤਾ ਆਪਣੇ ਮਸ਼ਹੂਰ ਸਿੱਟੇ, ਏਡਜ਼ ਦੇ ਨਾਲ।

### ਆਪਣੇ ਆਪ ਨੂੰ ਦਰਸ਼ਣ ਵਿਚ ਪਾਉਣਾ (9:13-19)

ਸੰਸਾਰ ਕਹਿੰਦਾ ਹੈ ਕਿ ਪਾਪ ਥੋੜਾ ਜਾਂ ਬਹੁਤਾ ਹਾਨੀਰਹਿਤ ਹੈ ਅਤੇ ਅਸਲ ਵਿਚ ਜੀਵਨ ਦੀ ਗੁਣਵੱਤਾ ਨੂੰ ਵਧਾ ਸਕਦਾ ਹੈ। ਇਸ ਦੇ ਪ੍ਰਭਾਵ ਦੇ, ਖੰਡਨ ਦੇ ਵਿਚ, ਪਰਮੇਸ਼ੁਰ ਕਹਿ ਰਿਹਾ

ਹੈ, "ਜੇਕਰ ਤੁਸੀਂ ਜਾਣ ਸਕਦੇ ਹੋ ਕਿ ਪਾਪ ਕਿ ਕਰ ਸਕਦਾ ਹੈ, ਤਾਂ ਵੇਖੋ ਅਤੇ ਸਿੱਖੋ" – ਅਤੇ ਫਿਰ ਉਹ ਪਤਾਲ ਦੇ ਵਿਚੋਂ ਮਾਰਨ ਵਾਲੇ ਜੀਵਾਂ ਦੀ ਤਸਵੀਰ ਪ੍ਰਸਤੁਤ ਕਰਦਾ ਹੈ। ਪਰਮੇਸ਼ੁਰ ਦੇ ਸੰਦੇਸ਼ ਨੂੰ ਮਹਿਸੂਸ ਕਰਨ ਦੇ ਲਈ, ਆਪਣੇ ਆਪ ਨੂੰ ਇਸ ਦਰਸ਼ਣ ਦੇ ਵਿਚ ਪਾਵੋ। ਕਲਪਨਾ ਕਰੋ ਕਿ ਤੁਸੀਂ ਇੱਕ ਅਜਿਹੀ ਇਸਤਰੀ ਜਾਂ ਪੁਰਖ ਹੋ ਜਿਸ ਨੇ ਪਰਮੇਸ਼ੁਰ ਦੇ ਪ੍ਰਸਤਾਵਾਂ ਨੂੰ ਠੁਕਰਾ ਦਿੱਤਾ ਹੈ:

ਤੁਸੀਂ ਇੱਕ ਹਰੀ ਹਰੀ ਚਰਾਗਾਹ ਦੇ ਵਿਚੋਂ ਲੰਘ ਰਹੇ ਹੋ; ਤੁਹਾਡੇ ਸਿਰ ਦੇ ਉੱਪਰ ਨੀਲਾ ਅਕਾਸ਼ ਹੈ, ਅਤੇ ਸੂਰਜ ਤੁਹਾਡੇ ਪਿੰਡੇ ਨੂੰ ਸੇਕ ਰਿਹਾ ਹੈ। ਅਚਾਨਕ, ਤੁਹਾਡੇ ਪੈਰਾਂ ਤੇ ਇੱਕ ਵੱਡਾ ਗੱਡਾ ਖੁੱਲ੍ਹ ਜਾਂਦਾ ਹੈ, ਅਤੇ ਨੀਲਾ-ਕਾਲਾ ਗੰਦਾ ਧੂੰਆਂ ਨਿਕਲ ਉੱਠਦਾ ਹੈ, ਉਹ ਧੁੱਪ ਨੂੰ ਦੂਰ ਕਰਦਾ ਹੋਇਆ ਤੁਹਾਡੀ ਦੁਨੀਆਂ ਨੂੰ ਹਨੇਰੇ ਨਾਲ ਭਰ ਰਿਹਾ ਹੈ। ਤੁਸੀਂ ਤੇਜ਼ੀ ਨਾਲ ਘੁੰਮਣ ਦੀ ਇੱਕ ਗੜਗੜਾਹਟ ਨੂੰ ਸੁਣਦੇ ਹੋ, ਇੱਕ ਭਿੰਨਭਿੰਨਾਹਟ ਜੋ ਤੇਜ਼ੀ ਨਾਲ ਵੱਧਦੀ ਹੈ ਜਦੋਂ ਤਕ ਤੁਹਾਨੂੰ ਇਸ ਤਰ੍ਹਾਂ ਮਹਿਸੂਸ ਨਾ ਹੋਵੇ ਕਿ ਤੁਹਾਡੇ ਕੰਨਾਂ ਦੇ ਪਰਦੇ ਪਾਟ ਜਾਣਗੇ। ਅਚਾਨਕ, ਆਪਣੇ ਭੈੜੇ ਸੁਪਨੇ ਵਿਚ ਤੁਸੀਂ ਆਪਣੇ ਆਪ ਨੂੰ ਜੀਵਾਂ ਦੇ ਨਾਲ ਘਿਰਿਆ ਹੋਇਆ ਵੇਖਦੇ ਹੋ, ਹਵਾ ਵਿਚ ਘੁੰਮ ਰਹੇ ਸ਼ਤਾਨੀ ਜੀਵਾਂ ਦੇ ਨਾਲ।

ਉਹ ਜੀਵ ਵਿਸ਼ਾਲ ਟਿੱਡੀਆਂ ਦੇ ਸਮਾਨ ਹਨ, ਪਰ ਅਜਿਹੀਆਂ ਟਿੱਡੀਆਂ ਜੋ ਤੁਸੀਂ ਕਦੀ ਵੀ ਨਹੀਂ ਵੇਖੀਆਂ। ਉਨ੍ਹਾਂ ਨੇ ਬਿੱਛੂਆਂ ਦੇ ਵਾਂਗ ਸ਼ਸਤਰ ਧਾਰਣ ਕੀਤੇ ਹੋਏ ਹਨ, ਉਨ੍ਹਾਂ ਦਾ ਅਕਾਰ ਘੋੜਿਆਂ ਵਰਗਾ ਹੈ, ਅਤੇ ਉਨ੍ਹਾਂ ਨੇ ਰਾਜਿਆਂ ਦੇ ਵਾਂਗ ਤਾਜ ਪਹਿਨੇ ਹੋਏ ਹਨ। ਉਨ੍ਹਾਂ ਦੇ ਮੂੰਹ ਆਦਮੀਆਂ ਦੇ ਮੂੰਹਾਂ ਵਰਗੇ, ਅਤੇ ਵਾਲ ਇਸਤਰੀਆਂ ਦੇ ਵਾਲਾਂ ਵਰਗੇ, ਅਤੇ ਦੰਦ ਬਬਰ ਸ਼ੇਰਾਂ ਵਰਗੇ ਸਨ। ਉਹ ਕਵਚ ਪਹਿਨੇ ਹੋਏ ਹਨ ਅਤੇ ਉਨ੍ਹਾਂ ਦੇ ਖੰਭ ਹਨ, ਅਤੇ ਉਹ ਗਰਜਣ ਵਾਲੀ ਅਵਾਜ਼ ਦੇ ਨਾਲ ਚੱਲਦੇ ਹਨ।[43]

ਵਧੇਰੇ ਪਰੇਸ਼ਾਨ ਕਰਨ ਵਾਲਾ ਤੱਥ ਇਹ ਹੈ ਕਿ ਉਹ ਇਲਾਕੇ ਵਿਚਲੀ ਬਨਸਪਤੀ ਤੇ ਧਿਆਨ ਨਹੀਂ ਦਿੰਦੇ; ਉਹ ਤੁਹਾਡੇ ਨੇੜੇ – ਨੇੜੇ ਆਉਂਦੇ ਜਾਂਦੇ ਹਨ। ਉਨ੍ਹਾਂ ਦੇ ਮਨੁੱਖਾਂ ਦੇ ਸਮਾਨ ਚਿਹਰਿਆਂ ਦੇ ਉੱਤੇ ਇੱਕ ਭੱਦੀ ਖੁਸ਼ੀ ਦਾ ਭਾਵ ਹੈ। ਤੁਹਾਡੇ ਮੱਥੇ ਤੋਂ ਪਸੀਨਾ ਚੋਣ ਲੱਗ ਪੈਂਦਾ ਹੈ। ਤੁਹਾਡੇ ਦਿਲ ਇੰਝ ਮਹਿਸੂਸ ਹੁੰਦਾ ਹੈ ਕਿ ਉਹ ਤੁਹਾਡੀ ਛਾਤੀ ਤੇ ਛਾਲਾਂ ਮਾਰ ਰਿਹਾ ਹੈ। ਤੁਸੀਂ ਇੱਧਰ ਉੱਧਰ ਮੁੜਦੇ ਹੋ, ਪਰ ਤੁਸੀਂ ਘਿਰ ਚੁੱਕੇ ਹੋ। ਪਰ ਕੋਈ ਥਾਂ ਨਹੀਂ ਹੈ ਜਿੱਥੇ ਤੁਸੀਂ ਭੱਜ ਸਕੋ।

ਪ੍ਰਾਣੀਆਂ ਵਿਚੋਂ ਇੱਕ ਤੇਜ਼ੀ ਨਾਲ ਅੱਗੇ ਵੱਧਦਾ ਹੈ ਅਤੇ ਆਪਣੀ ਜ਼ਹਿਰੀ ਪੂਛ ਦੇ ਨਾਲ ਡੰਗ ਮਾਰਦਾ ਹੈ। ਤੁਸੀਂ ਪੀੜ ਦੇ ਨਾਲ ਭਰ ਜਾਂਦੇ ਹੋ। ਤੁਸੀਂ ਆਪਣੇ ਸਰੀਰ ਦੇ ਹਰ ਹਿੱਸੇ ਵਿਚ ਧਮਣੀਆਂ ਦੇ ਦੁਆਰਾ ਜ਼ਹਿਰ ਨੂੰ ਫੈਲਦਾ ਹੋਇਆ ਮਹਿਸੂਸ ਕਰਦੇ ਹੋ। ਫਿਰ ਦੂਸਰੀ ਟਿੱਡੀ ਵਾਰ ਕਰਦੀ ਹੈ, ਅਤੇ ਫਿਰ ਹੋਰ। ਤੁਸੀਂ ਆਪਣੇ ਗੋਡਿਆਂ ਭਾਰ ਡਿੱਗ ਪੈਂਦੇ ਹੋ। ਉਹ ਬੜੀ ਤੇਜ਼ੀ ਦੇ ਨਾਲ ਤੁਹਾਨੂੰ ਘੇਰਾ ਪਾ ਕੇ, ਤੁਹਾਡੀਆਂ ਬਾਹਵਾਂ, ਹੱਥਾਂ, ਲੱਤਾਂ, ਪੈਰਾਂ, ਤੁਹਾਡੇ ਧੜ, ਤੁਹਾਡੇ ਗਲੇ, ਤੁਹਾਡੇ ਸਿਰ, ਤੁਹਾਡੇ ਮੂੰਹ ਉੱਤੇ ਡੰਗ ਮਾਰਦੀਆਂ ਹਨ। ਤੁਸੀਂ ਪੀੜ੍ਹ ਦੇ ਮਾਰੇ, ਘਬਰਾਹਟ ਦੇ ਨਾਲ ਹੇਠਾਂ ਡਿੱਗ ਜਾਂਦੇ ਹੋ। ਜਦੋਂ ਤੁਸੀਂ ਧਰਤੀ ਉੱਤੇ ਤੜਫਦੇ ਹੋ, ਤਾਂ ਤੁਹਾਡਾ ਸਰੀਰ ਜਲਦੀ ਪੀੜ ਦੇ ਕਾਰਣ ਨਾਸ ਹੁੰਦਾ ਹੈ, ਉਸ ਸਮੇਂ ਇਹ ਸ਼ਬਦ ਥੋੜੇ-ਬਹੁਤ ਤੁਹਾਡੇ ਵਿਚਾਰਾਂ ਵਿਚ ਯਾਦ ਆਉਂਦੇ ਹਨ: "ਪਾਪ ਦੀ ਮਜ਼ੂਰੀ ਤਾਂ ਮੌਤ ਹੈ" (ਰੋਮੀਆਂ 6:23)।

ਪਰਮੇਸ਼ੁਰ ਸਾਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਪਾਪ ਪਾਪੀ ਦੇ ਨਾਲ *ਇਹੀ* ਕਰਦਾ ਹੈ! ਉਹ ਕਿਉਂ ਚਾਹੁੰਦਾ ਹੈ ਕਿ ਅਸੀਂ ਇਸ ਨੂੰ ਜਾਣੀਏ? ਉਸ ਸਿਰਫ ਸਾਨੂੰ ਡਰਾਉਣਾ ਹੀ ਨਹੀਂ ਚਾਹੁੰਦਾ ਹੈ, ਪਰ ਉਹ ਇਹ ਚਾਹੁੰਦਾ ਹੈ ਕਿ ਸਾਨੂੰ ਪ੍ਰੇਰਿਤ ਕਰੇ ਕਿ ਅਸੀਂ ਆਪਣੇ ਪਾਪਾਂ ਤੋਂ ਮੁੜ ਕੇ ਉਸ ਦੇ ਵੱਲ ਮੁੜੀਏ। ਪੁਰਾਣੇ ਨੇਮ ਵਿਚ, ਯੋਏਲ ਦੇ ਟਿੱਡੀਆਂ ਦੇ ਦਰਸ਼ਣ ਦੇ ਵਿਚ ਤੋਬਾ ਕਰਨ ਦੇ ਲਈ ਬੁਲਾਇਆ ਗਿਆ ਹੈ:

> ਪਰ ਹੁਣ ਵੀ, ਯਹੋਵਾਹ ਦਾ ਵਾਕ ਹੈ,
> ਆਪਣੇ ਸਾਰੇ ਦਿਲ ਨਾਲ ਮੇਰੀ ਵੱਲ ਮੁੜੋ,
> ਵਰਤ ਨਾਲ, ਰੋਣ ਨਾਲ ਅਤੇ ਛਾਤੀ ਪਿੱਟਣ ਦੇ ਨਾਲ। . . .
> ਅਤੇ ਯਹੋਵਾਹ ਆਪਣੇ ਪਰਮੇਸ਼ੁਰ ਵੱਲ ਮੁੜੋ,
> ਉਹ ਤਾਂ ਦਿਆਲੂ ਤੇ ਕਿਰਪਾਲੂ ਹੈ,
> ਗੁੱਸੇ ਵਿੱਚ ਧੀਰਜੀ ਅਤੇ ਭਲਿਆਈ ਨਾਲ ਭਰਪੂਰ,
> ਅਤੇ ਦੁਖ ਦੇਣ ਤੋਂ ਪਛਤਾਉਂਦਾ ਹੈ (ਯੋਏਲ 2:12, 13)।

ਜਿਨ੍ਹਾਂ ਲੋਕਾਂ ਨੂੰ ਯੂਹੰਨਾ ਦੇ ਦਿਨਾਂ ਵਿਚ ਚੇਤਾਵਨੀ ਦਿੱਤੀ ਗਈ ਸੀ ਉਨ੍ਹਾਂ ਨੇ ਨਾ ਸੁਣਿਆ (ਪਰਕਾਸ਼ ਦੀ ਪੋਥੀ 9:20)। ਪਰ ਕੀ ਤੁਸੀਂ ਉਨ੍ਹਾਂ ਦੇ ਦੁਖਦਾਈ ਨਕਸ਼ੇਕਦਮ ਤੇ ਚੱਲੋਗੇ, ਜਾਂ ਕੀ ਤੁਸੀਂ ਤੋਬਾ ਕਰਨ ਅਤੇ ਇੰਜੀਲ ਦੀ ਆਗਿਆਕਾਰੀ ਕਰਨ ਦੇ ਲਈ ਪਰਮੇਸ਼ੁਰ ਦੀ ਗੱਲ ਨੂੰ ਮੰਨੋਗੇ? ਜੇਕਰ ਤੁਹਾਨੂੰ ਮਸੀਹ ਵਿਚ ਬਪਤਿਸਮਾ ਲੈਣ ਜਾਂ ਆਪਣੇ ਪ੍ਰੇਮ ਨੂੰ ਮੁੜ ਸਥਾਪਤ ਕਰਨ ਦੀ ਲੋੜ ਹੈ, ਤਾਂ ਅੱਜ ਹੀ ਇਸ ਨੂੰ ਕਰੋ!

### ਪਾਪ ਦੇ ਸਿੱਟੇ (9:13-19)

ਜਨਵਰੀ 1998 ਵਿਚ *ਕ੍ਰਿਸਚੀਅਨ ਕ੍ਰੋਨੀਕਲ* ਵਿਚ ਇੱਕ ਉਗਰਵਾਦੀ ਦੀ ਪ੍ਰਮੁੱਖ ਕਹਾਣੀ ਸੀ ਜਿਸ ਨੇ ਅੱਗ ਲਾ ਕੇ ਓਕਲਾਹੋਮਾ ਕ੍ਰਿਸਚੀਅਨ ਯੂਨੀਵਰਸਿਟੀ ਦਾ 1.5 ਮਿਲੀਅਨ ਡਾਲਰ ਦਾ ਨੁਕਸਾਨ ਕਰ ਦਿੱਤਾ ਸੀ। ਇਸ ਤੋਂ ਇਕਦਮ ਹੇਠਾਂ ਇੱਕ ਜਵਾਨ ਆਦਮੀ ਦੀ ਕਹਾਣੀ ਸੀ ਜਿਸ ਨੇ ਇੱਕ ਪਾਡੁਕਾ, ਕੇਂਟਕੀ, ਹਾਈ ਸਕੂਲ ਵਿਚ ਪ੍ਰਾਰਥਨਾ ਦੇ ਲਈ ਇਕੱਠੇ ਹੋਏ ਲੋਕਾਂ ਦੇ ਉੱਤੇ ਗੋਲੀ ਚਲਾ ਦਿੱਤੀ ਸੀ। ਉਸ ਸਮੂਹ ਵਿਚਲੇ ਤਿੰਨ ਜਣੇ ਕਲੀਸੀਆ ਦੇ ਲੋਕ ਸਨ।

ਉੱਪਰ ਦਿੱਤੀਆਂ ਦੁੱਖ ਭਰੀਆਂ ਘਟਨਾਵਾਂ ਸੁਰਖੀਆਂ ਬਣੀਆਂ ਸਨ, ਪਰ ਹਰ ਦਿਨ ਪਾਪ ਦੂਜਿਆਂ ਦੇ ਜੀਵਨਾਂ ਤੇ ਪ੍ਰਭਾਵ ਪਾਉਂਦਾ ਹੈ: ਇੱਕ ਆਦਮੀ ਦੂਸਰੀ ਇਸਤਰੀ ਦੇ ਲਈ ਆਪਣੀ ਪਤਨੀ ਨੂੰ ਛੱਡ ਦਿੰਦਾ ਹੈ ਅਤੇ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਨਾਸ ਕਰਦਾ ਹੈ। ਇੱਕ ਨਸ਼ਾ ਪੀਣ ਵਾਲਾ ਡਰਾਈਵਰ ਇੱਕ ਆਦਮੀ ਅਤੇ ਉਸ ਦੀ ਪਤਨੀ ਨੂੰ ਮਾਰ ਦਿੰਦਾ ਹੈ, ਜਿਨ੍ਹਾਂ ਦੇ ਤਿੰਨ ਬੱਚੇ ਯਤੀਮ ਹੋ ਜਾਂਦੇ ਹਨ। ਇੱਕ ਆਦਮੀ, ਆਪਣੀ ਮਰਜ਼ੀ ਨੂੰ ਪੂਰਾ ਕਰਨ ਦੇ ਲਈ, ਮੰਡਲੀ ਨੂੰ ਤੋੜ ਦਿੰਦਾ ਹੈ ਅਤੇ ਲੋਕਾਂ ਨੂੰ ਪ੍ਰਭੂ ਤੋਂ ਦੂਰ ਕਰ ਦਿੰਦਾ ਹੈ। ਸਾਨੂੰ ਜ਼ਰੂਰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ, ਜਿਵੇਂ ਅੱਗ ਭਸਮ ਕਰਦੀ ਹੈ, ਧੂੰਆਂ ਭਰ ਜਾਂਦਾ ਹੈ, ਅਤੇ ਗੰਧਕ ਝੁਲਸਾ ਦਿੰਦੀ ਹੈ, ਉਸੇ ਤਰ੍ਹਾਂ ਸਾਡੇ ਪਾਪ ਦੂਜਿਆਂ ਨੂੰ ਦੁੱਖ ਦਿੰਦੇ ਅਤੇ ਨਾਸ ਕਰਦੇ ਹਨ।

ਓਵੇਨ ਕਰੋਚ ਨੇ ਲਿਖਿਆ, "ਅਪਰਾਧ ਦਾ ਭਾਰ, ਜ਼ਮੀਰ ਦਾ ਦਰਦ, ਨਾ ਭੁੱਲਣ ਵਾਲੇ ਝੂਠ ਦਾ ਦੁੱਖ, ਵਿਭਚਾਰੀ ਧੋਖੇਬਾਜ਼ ਦੇ ਸੜੇ ਹੋਏ ਜ਼ਖਮ ਵਿਚੋਂ ਖੂਨ ਵੱਗਣਾ, ਕਿਸੇ ਦੇ ਅੰਦਰੂਨੀ

ਅੰਤਹਕਰਣ ਦੇ ਵਿਚੋਂ ਨਿਰੰਤਰ ਨਿਕਲਣ ਵਾਲਾ ਦਰਦ ਜੀਵਨ ਨੂੰ . . . ਨਰਕ ਬਣਾ ਦਿੰਦਾ ਹੈ।”[44] ਇਸ ਪ੍ਰਕਾਰ ਦਾ ਤਸੀਹਾ ਸਾਨੂੰ ਯਹੂਦਾਹ ਦੇ ਉਸ ਦਰਦ ਦੀ ਯਾਦ ਦਿਵਾਉਂਦਾ ਹੈ ਜਦੋਂ ਉਸ ਨੂੰ ਮਹਿਸੂਸ ਹੋਇਆ ਕਿ ਯਿਸੂ ਦੇ ਨਾਲ ਧੋਖਾ ਕਰਕੇ ਉਸ ਨੇ ਕੀ ਕੀਤਾ ਸੀ। ਜੇਕਰ ਤੁਸੀਂ ਅੰਤਹਕਰਣ ਦੀ ਪੀੜ ਦੇ ਦੁਖਦਾਇਕ ਸਿੱਟਿਆਂ ਨੂੰ ਵੇਖਣਾ ਹੈ, ਤਾਂ ਯਹੂਦਾਹ ਦੀ ਲਾਸ਼ ਨੂੰ ਇੱਕ ਰੱਸੀ ਦੇ ਨਾਲ ਲਟਕਿਆ ਹੋਇਆ, ਦੁਪਹਿਰ ਦੀ ਧੁੱਪ ਵਿਚ ਝੂਲਦਿਆਂ ਹੋਇਆਂ ਵੇਖੋ (ਵੇਖੋ ਮੱਤੀ 27:5; ਰਸੂਲਾਂ ਦੇ ਕਰਤੱਬ 1:16-18)।

ਬੇਸ਼ੱਕ, ਕੁਝ ਲੋਕ ਆਪਣੇ ਜ਼ਮੀਰਾਂ ਨੂੰ ਕਠੋਰ ਕਰ ਲੈਂਦੇ ਹਨ, ਪਰ ਤਾਂ ਵੀ ਉਨ੍ਹਾਂ ਨੂੰ ਪਰਮੇਸ਼ੁਰ ਤੋਂ ਵੱਖਰੇ ਹੋ ਕੇ ਜੀਵਨ ਗੁਜ਼ਾਰਣ ਦੇ ਸਿੱਟਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੁਲੇਮਾਨ ਸੰਸਾਰ ਵਿਚੋਂ ਮਿਲਣ ਵਾਲੀ ਹਰ ਚੀਜ਼ ਉਸ ਦੀ ਭਾਲ ਕਰਨ ਵਾਲੇ ਅਤੇ ਪਰਮੇਸ਼ੁਰ ਨੂੰ ਨਜ਼ਰਅੰਦਾਜ਼ ਕਰ ਦੇਣ ਵਾਲੇ ਇੱਕ ਵਿਅਕਤੀ ਦੀ ਇੱਕ ਉਦਾਹਰਣ ਹੈ। ਉਪਦੇਸ਼ਕ ਦੀ ਪੋਥੀ ਇਸ ਗੱਲ ਨੂੰ ਪਰਗਟ ਕਰਦੀ ਹੈ ਕਿ ਜਦੋਂ ਸੁਲੇਮਾਨ ਨੇ “[ਆਪਣਾ] ਮਨ ਲਗਾਇਆ” ਕਿ ਹਰ ਉਸ ਚੀਜ਼ ਨੂੰ ਸਿੱਖੇ ਜਿਸ ਨੂੰ ਸਿੱਖਿਆ ਜਾ ਸਕਦਾ ਸੀ (1:13), ਤਾਂ ਉਸ ਨੇ ਇਸ ਗੱਲ ਦੀ ਖੋਜ ਕੀਤੀ ਕਿ “ਬਹੁਤ ਬੁੱਧ ਵਿੱਚ ਬਹੁਤ ਖੇਚਲ ਹੈ, ਅਤੇ ਜਿਹੜਾ ਵਿੱਦਿਆ ਵਧਾਉਂਦਾ ਹੈ ਉਹ ਸਿਰ ਦਰਦੀ ਵਧਾਉਂਦਾ ਹੈ” (1:18)। ਜਦੋਂ ਉਸ ਨੇ ਆਪਣੇ ਆਪ ਨੂੰ ਸੁੱਖ ਭੋਗਣ ਦੇ ਲਈ ਸਮਰਪਿਤ ਕੀਤਾ, ਤਾਂ ਆਖਿਰਕਾਰ ਉਸ ਨੇ ਪੁੱਛਿਆ, “ਇਹ ਕੀ ਕਰਦਾ ਹੈ?” (2:1, 2)। ਆਪਣੀਆਂ ਮਹਾਨ ਉਪਲੱਬਧੀਆਂ ਦੇ ਬਾਅਦ ਵਿਚ, ਉਸ ਨੇ ਲਿਖਿਆ ਕਿ “ਓਹ ਸਾਰਿਆਂ ਦੇ ਸਾਰੇ ਵਿਅਰਥ ਅਤੇ ਹਵਾ ਦਾ ਫੱਕਣਾ ਸੀ ਅਤੇ ਸੂਰਜ ਦੇ ਹੇਠ ਕੋਈ ਲਾਭ ਨਹੀਂ ਸੀ” (2:11)। ਜਦੋਂ ਉਸ ਨੇ ਬਹੁਤ ਸਾਰਾ ਧਨ ਇਕੱਠਾ ਕਰ ਲਿਆ, ਤਾਂ ਉਸ ਨੇ ਸਿੱਟਾ ਕੱਢਿਆ, “ਉਹ ਜੋ ਚਾਂਦੀ ਨੂੰ ਲੋਚਦਾ ਹੈ ਸੋ ਚਾਂਦੀ ਨਾਲ ਨਾ ਰੱਜੇਗਾ, ਅਤੇ ਜਿਹੜਾ ਧਨ ਚਾਹੁੰਦਾ ਹੈ ਸੋ ਉਹ ਦੇ ਵਾਧੇ ਨਾਲ ਨਾ ਰੱਜੇਗਾ” (5:10)।

ਬਹੁਤ ਸਾਰੀਆਂ ਆਧੁਨਿਕ ਉਦਾਹਰਣਾਂ ਦਿਮਾਗ ਵਿਚ ਆਉਂਦੀਆਂ ਹਨ: ਇੱਥੇ ਅਜਿਹੇ ਲੋਕ ਹਨ ਜੋ ਆਪਣੇ ਜੀਵਨਕਾਲ ਨੂੰ ਸੰਪਤੀ ਨੂੰ ਇੱਕਠਾ ਕਰਨ ਦੇ ਵਿਚ ਗੁਜ਼ਾਰ ਦਿੰਦੇ ਹਨ ਅਤੇ ਫਿਰ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਮਾਲ-ਧਨ ਆਤਮਾ ਨੂੰ ਸੰਤੁਸ਼ਟ ਨਹੀਂ ਕਰ ਸਕਦਾ ਹੈ। ਹੋਰ ਲੋਕ ਜਿਨ੍ਹਾਂ ਨੂੰ ਸੰਸਾਰ ਦੇ ਦੁਆਰਾ ਸਫਲ ਲੋਕਾਂ ਦੇ ਰੂਪ ਵਿਚ ਗਿਣਿਆ ਜਾਂਦਾ ਹੈ ਕਦੀ-ਕਦਾਈਂ ਉਨ੍ਹਾਂ ਦਾ ਅੰਤ ਦੁੱਖਾਂ ਅਤੇ ਬਹੁਤ ਹੀ ਨਿਰਾਸ਼ਾ ਦੇ ਵਿਚ ਹੁੰਦਾ ਹੈ। ਅਜਿਹੇ ਲੋਕ ਵੀ ਹਨ ਜੋ ਆਪਣੇ ਆਪ ਨੂੰ ਮਨੁੱਖਾਂ ਅਤੇ ਪਰਮੇਸ਼ੁਰ ਦੇ ਨਿਆਂ ਤੋਂ ਉੱਪਰ ਸਮਝਦੇ ਹਨ ਪਰ ਉਹ ਇਸ ਬਿਆਨ ਦੀ ਕਠੋਰ ਸੱਚਾਈ ਨੂੰ ਸਿੱਖਦੇ ਹਨ “ਪਰ ਛਲੀਆਂ ਦਾ ਰਾਹ ਬਿਖੜਾ ਹੁੰਦਾ ਹੈ” (ਕਹਾਉਤਾਂ 13:15; KJV)।

ਤੁਰ੍ਹੀਆਂ ਦੇ ਵਿਸ਼ੇ ਵਿਚ ਯਾਦ ਰੱਖਣ ਵਾਲਾ ਤੱਥ ਹੈ “ਤੁਰ੍ਹੀਆਂ ਦੀ ਚੇਤਾਵਨੀ”: ਪਰਮੇਸ਼ੁਰ ਕੁਦਰਤੀ ਆਫ਼ਤਾਂ ਦੇ ਦੁਆਰਾ, ਪਾਪੀ ਦੇ ਨਾਲ ਹੋਣ ਵਾਲੀਆਂ ਭਿਆਨਕ ਗੱਲਾਂ ਦੇ ਦੁਆਰਾ, ਅਤੇ ਦੂਜਿਆਂ ਉੱਤੇ ਪੈਣ ਵਾਲੇ ਪਾਪ ਦੇ ਪ੍ਰਭਾਵਾਂ ਦੇ ਦੁਆਰਾ ਸਾਨੂੰ ਚੇਤਾਵਨੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਨਿਆਂ ਦੇ ਵੇਲੇ ਕੋਈ ਵਿਅਕਤੀ ਪੁਕਾਰੇਗਾ, “ਪ੍ਰਭੂ, ਤੁਸੀਂ ਮੈਨੂੰ ਚੇਤਾਵਨੀ ਕਿਉਂ ਨਹੀਂ ਸੀ ਦਿੱਤੀ?” ਅਤੇ ਪ੍ਰਭੂ ਦਾ ਇਹ ਦੁੱਖ ਭਰਿਆ ਜਵਾਬ ਸੁਣੋ: “ਪਰ ਮੈਂ ਕੀਤਾ ਸੀ! ਕੀ ਤੈਨੂੰ ਆਪਣੇ ਇਲਾਕੇ ਦੇ ਘਰਾਂ ਵਿਚ ਆਉਣ ਵਾਲਾ ਘੁੰਮਣ ਘੇਰੀ ਵਾਲਾ

ਤੂਫਾਨ ਯਾਦ ਨਹੀਂ ਹੈ? ਕੀ ਤੈਨੂੰ ਆਪਣੇ ਲੇਟ ਜਾਣ ਤੋਂ ਬਾਅਦ ਦੀ ਉਹ ਨੀਂਦ ਨਾ ਆਉਣ ਵਾਲੀ ਰਾਤ ਯਾਦ ਨਹੀਂ ਹੈ? ਕੀ ਤੈਨੂੰ ਉਹ ਦੁਰਘਟਨਾ ਦਾ ਦ੍ਰਿਸ਼ ਯਾਦ ਨਹੀਂ ਹੈ ਜਿਸ ਵਿਚ ਸਰੀਰ ਬਿਲਕੁਲ ਕੱਟੇ ਗਏ ਸਨ? ਮੈਂ ਤੈਨੂੰ ਸਮੇਂ ਸਮੇਂ ਤੇ ਚੇਤਾਵਨੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਪਰ ਤੂੰ ਨਹੀਂ ਸੁਣਿਆ ਸੀ!"

**ਪਰਮੇਸ਼ੁਰ ਦੀ ਚੇਤਾਵਨੀ ਨੂੰ ਅਣਦੇਖਾ ਕਰਨ ਦੀ ਮੂਰਖਤਾ (9:20, 21)**

ਮਾਊਂਟ ਸੇਂਟ ਹੇਲੰਸ ਨੇ ਨੀਲੇ ਵਾਸ਼ਿੰਗਟਨ ਅਸਮਾਨ ਵਿਚ ਸੈਂਕੜੇ ਫੁੱਟਾਂ ਤਕ ਭੂਰੇ ਰੰਗ ਦੇ ਬੱਦਲਾਂ ਨੂੰ ਫੈਲਾ ਦਿੱਤਾ ਸੀ। ਵਿਗਿਆਨਿਕ ਦ੍ਰਿਸ਼ਟੀ ਤੋਂ ਇਹ ਜਵਾਲਾਮੁਖੀ ਦੇ ਜਲਦੀ ਹੀ ਫੱਟਣ ਦਾ ਇੱਕ ਪ੍ਰਮਾਣ ਸੀ। ਪੈਟ੍ਰੋਲ ਕਾਰਾਂ ਅਤੇ ਹੈਲੀਕਪਟਰਾਂ ਦੇ ਉੱਤੇ ਲਾਊਡ ਸਪੀਕਰਾਂ ਦੇ ਦੁਆਰਾ, ਬੈਟਰੀ-ਸੰਚਾਲਿਤ ਸੰਕੇਤਾਂ ਦੇ ਦੁਆਰਾ ਹਰ ਵੱਡੇ ਚੌਂਕ ਤੇ, ਰੇਡੀਓ ਅਤੇ ਟੈਲੀਵਿਜ਼ਨ ਦੇ ਐਲਾਨਚੀਆਂ ਦੇ ਦੁਆਰਾ, ਸ਼ਾਰਟਵੇਵ ਅਤੇ ਸਿਟਿਜ਼ੰਜ਼ ਬੈਂਡ ਸੰਚਾਲਕਾਂ ਦੇ ਰਾਹੀਂ "ਚੇਤਾਵਨੀ!" ਦਾ ਢਿੰਡੋਰਾ ਪਿੱਟਿਆ ਗਿਆ। ਝੀਲਾਂ ਵਾਲੇ ਪਿੰਡ, ਸੈਨਾਨੀ ਕੈਂਪ, ਅਤੇ ਪੈਦਲ ਯਾਤਰਾ ਟ੍ਰੇਲਸ ਖਾਲੀ ਹੋ ਗਏ ਕਿਉਂਕਿ ਲੋਕ ਆਪਣੀਆਂ ਜਾਨਾਂ ਬਚਾਉਣ ਦੇ ਲਈ ਉੱਥੋਂ ਨੱਸ ਗਏ ਸਨ।

ਚੇਤਾਵਨੀ ਦੇ ਬਾਵਜੂਦ ਵੀ, ਹੈਰੀ, ਨਹੀਂ ਹਟਿਆ। ਹੈਰੀ, ਸਪਿਰਟ ਲੇਕ ਉੱਤੇ ਇੱਕ ਮਨੋਰੰਜਨ ਲੇਕ ਦਾ ਨਿਗਰਾਨ ਸੀ, ਜੋ ਕਿ ਮਾਊਂਟ ਸੇਂਟ ਹੈਲੇਨਸ ਦੇ ਉੱਤਰ ਵੱਲ ਪੰਜ ਮੀਲ ਦੀ ਦੂਰੀ ਤੇ ਸੀ। ਰੇਂਜਰਾਂ ਨਾ ਉਸ ਨੂੰ ਚੇਤਾਵਨੀ ਦਿੱਤੀ, ਗੁਆਂਢੀਆਂ ਨੇ ਉਸ ਅੱਗੇ ਤਰਲੇ ਕੀਤੇ ਕਿ ਉਹ ਉਨ੍ਹਾਂ ਦੇ ਨਾਲ ਉਸ ਜਗ੍ਹਾ ਨੂੰ ਛੱਡ ਦੇਵੇ, ਅਤੇ ਹੈਰੀ ਦੀ ਭੈਣ ਨੂੰ ਬੁਲਾਇਆ ਗਿਆ ਤਾਂ ਕਿ ਉਹ ਉਸ ਬਜ਼ੁਰਗ ਦੇ ਖਾਨੇ ਵਿਚ ਗੱਲ ਪਾਉਣ ਦੀ ਕੋਸ਼ਿਸ਼ ਕਰੇ – ਪਰ ਹੈਰੀ ਨੇ ਉਨ੍ਹਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕਰ ਕੀਤਾ। ਉਸ ਨੇ ਰਾਸ਼ਟਰੀ ਟੈਲੀਵਿਜ਼ਨ ਦਾ ਮਖੌਲ ਉਡਾਇਆ ਅਤੇ ਕਿਹਾ, "ਹੈਰੀ ਤੋਂ ਵੱਧ ਕੇ ਇਸ ਪਹਾੜ ਦੇ ਵਿਸ਼ੇ ਵਿਚ ਕੋਈ ਵੀ ਨਹੀਂ ਜਾਣਦਾ ਹੈ, ਅਤੇ ਇਹ ਉਸ ਉੱਤੇ ਡਿੱਗਣ ਦੀ ਹਿੰਮਤ ਨਹੀਂ ਕਰ ਸਕਦਾ ਹੈ।"

18 ਮਈ, 1980 ਨੂੰ, ਜਿਵੇਂ ਹੀ ਪਹਾੜ ਦੇ ਹੇਠਾਂ ਉੱਬਲਦੀਆਂ ਗੈਸਾਂ ਨੇ ਉੱਪਰ ਉੱਠ ਕੇ ਪਹਾੜ ਦੀ ਸਤਹ ਨੂੰ ਪਾੜ ਦਿੱਤਾ, ਜਿਵੇਂ ਹੀ ਹੈਰੀ ਨੇ ਆਪਣੇ ਆਂਡਿਆਂ ਅਤੇ ਬੇਕਨ ਨੂੰ ਪਕਾ ਲਿਆ, ਆਪਣੀਆਂ ਸੌਲਾਂ ਬਿੱਲੀਆਂ ਨੂੰ ਸਕ੍ਰੈਪ ਖੁਆ ਦਿੱਤੀ, ਅਤੇ ਆਪਣੇ ਹੁਣੇ ਹੁਣੇ ਤਿਆਰ ਕੀਤੇ ਹੋਏ ਬਗੀਚੇ ਵਿਚ ਪੈਟੀਊਨਿਆ ਨੂੰ ਬੀਜ ਦਿੱਤਾ। ਤਾਂ 8:31 ਸਵੇਰੇ, ਪਹਾੜ ਫੱਟ ਗਿਆ।

ਹਿਰੋਸ਼ਿਮਾ ਨੂੰ ਢਾਹ ਦੇਣ ਵਾਲੇ ਪਰਮਾਣੂ ਤੋਂ ਪੰਜ ਸੌ ਗੁਣਾਂ ਵੱਧ ਬਲ ਦੇ ਨਾਲ ਜਵਾਲਾਮੁਖੀ ਫੁੱਟ ਨਿਕਲਿਆ। ਲੱਖਾਂ ਟਨ ਚੱਟਾਨਾਂ ਦਾ ਵਿਗਾੜ ਹੋਇਆ ਅਤੇ ਦਸ ਮੀਲ ਦੀ ਦੂਰੀ ਤੱਕ ਬੱਦਲ ਵਿਚ ਅਲੋਪ ਹੋ ਗਈਆਂ। ਦਹਿਸ਼ਤ ਭਰੀਆਂ ਤਰੰਗਾਂ ਨੇ, ਜੋ ਅਵਾਜ਼ ਦੀ ਗਤੀ ਤੋਂ ਤੇਜ਼ ਸਨ, 150 ਵਰਗ ਮੀਲ ਦੇ ਵਿਚ ਹਰ ਇੱਕ ਚੀਜ਼ ਨੂੰ ਸਮਤਲ ਕਰ ਦਿੱਤਾ। ਪਹਾੜ ਦੇ ਵੱਲੋਂ 50 ਫੁੱਟ ਉੱਚੀ ਇੱਕ ਸੁਆਹ ਅਤੇ ਚਿੱਕੜ ਦੀ ਦੀਵਾਰ ਹੇਠਾਂ ਨੂੰ ਵੱਗਣ ਲੱਗ ਪਈ।

ਵਾਸ਼ਿੰਗਟਨ ਦੇ ਉਸ ਕੋਨੇ ਵਿਚ ਜਿੱਥੇ ਕਦੀ ਹੈਰੀ ਰਹਿੰਦਾ ਸੀ, ਗੀਤ ਗਾਉਣ ਵਾਲੇ ਹੁਣ ਉਹ ਦੇ ਗੀਤ ਗਾਉਂਦੇ ਹਨ, ਇੱਕ ਢੀਠ ਬੁੱਢਾ ਆਦਮੀ ਸੀ ਜਿਸ ਨੇ ਚੇਤਾਵਨੀਆਂ ਵੱਲ ਧਿਆਨ ਦੇਣ ਤੋਂ ਨਾਂਹ ਕਰ ਦਿੱਤੀ ਸੀ।[45]

## ਉਸ ਸਮੇਂ ਅਤੇ ਹੁਣ–ਮੂਰਤੀਆਂ (9:20)

ਬਹੁਤ ਸਮਾਂ ਪਹਿਲਾਂ, ਪਰਮੇਸ਼ੁਰ ਨੇ ਕਿਹਾ,

> ਮੇਰੇ ਸਨਮੁਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ। ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ, ਨਾ ਕਿਸੇ ਚੀਜ ਦੀ ਸੂਰਤ ਜਿਹੜੀ ਉੱਪਰ ਅਕਾਸ਼ ਵਿੱਚ ਅਤੇ ਜਿਹੜੀ ਹੇਠਾਂ ਧਰਤੀ ਉੱਤੇ ਅਤੇ ਜਿਹੜੀ ਧਰਤੀ ਦੇ ਹੇਠਲੇ ਪਾਣੀਆਂ ਵਿੱਚ ਹੈ। ਨਾ ਤੂੰ ਉਨ੍ਹਾਂ ਦੇ ਅੱਗੇ ਮੱਥਾ ਟੇਕ . . . (ਕੂਚ 20:3-5)।

ਕਿਸੇ ਵੀ ਪਾਪ ਦੀ ਜੜ੍ਹ ਪਰਮੇਸ਼ੁਰ ਦੇ ਸਥਾਨ ਤੇ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਨੂੰ ਰੱਖਣਾ ਹੁੰਦੀ ਹੈ। ਜਦੋਂ ਯੂਹੰਨਾ ਦੇ ਪਾਠਕਾਂ ਨੇ ਪਰਕਾਸ਼ ਦੀ ਪੋਥੀ 9:20 ਨੂੰ ਪੜ੍ਹਿਆ, ਸ਼ਾਇਦ ਉਨ੍ਹਾਂ ਨੇ "ਏਸ਼ੀਆ ਮਾਈਨਰ ਦੇ ਅਣਗਿਣਤ ਮੂਰਤੀਪੂਜਕ ਤੀਰਥ ਸਥਾਨਾਂ" ਅਤੇ "ਸਮਰਾਟ ਪੰਥ ਦੇ ਅੰਸ਼ਿਕ ਤੌਰ ਤੇ ਜਾਂ ਪੂਰੇ ਤੌਰ ਤੇ ਸਮਰਪਿਤ ਮੰਦਰਾਂ ਦੀ ਵੱਧਦੀ ਹੋਈ ਸੰਖਿਆ ਦੇ ਬਾਰੇ ਸੋਚਿਆ ਹੋਵੇਗਾ।"[46] ਅੱਜ "ਮੂਰਤੀਪੂਜਕ ਮੰਦਰਾਂ ਦੀਆਂ ਪ੍ਰਾਚੀਨ ਮੂਰਤੀਆਂ . . . ਅਜਾਇਬ ਘਰਾਂ ਦੇ ਵਿਚ ਵੇਖਣ ਦਾ ਇੱਕ ਸਟਾਕ ਹਨ,"[47] ਪਰ ਇਸ ਤੱਥ ਦਾ ਅਰਥ ਇਹ ਨਹੀਂ ਹੈ ਕਿ ਲੋਕਾਂ ਨੇ ਮੂਰਤੀਪੂਜਾ ਕਰਨਾ ਬੰਦ ਕਰ ਦਿੱਤਾ ਹੈ। ਕੁਝ ਸਮਾਜਾਂ ਵਿਚ, ਮੂਰਤੀ ਇੱਕ ਅਕਾਰ ਰਹਿਤ ਪਿੰਡ ਜਾਂ ਇੱਕ ਦਰਖਤ ਦਾ ਟੁੰਡ ਹੋ ਸਕਦਾ ਹੈ। ਕੁਝ ਧਰਮ-ਸ਼ਾਸਤਰੀ ਮਰੀਯਮ, ਯਿਸੂ, ਅਤੇ ਉਨ੍ਹਾਂ ਲੋਕਾਂ ਦੀਆਂ ਮੂਰਤੀਆਂ ਦੇ ਅੱਗੇ ਝੁੱਕਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ "ਸੰਤਾਂ" ਦੀ ਪਦਵੀ ਦਿੱਤੀ ਹੈ। ਇਸ ਅਭਿਆਸ ਦੇ ਵਿਸ਼ੇ ਵਿਚ, ਈਕਲੋਜ਼ ਨੇ ਇਹ ਟਿੱਪਣੀਆਂ ਕੀਤੀਆਂ:

> ਪੂਜਾ ਦੀ ਕੋਈ ਵੀ ਵਸਤੂ—ਇੱਕ ਸੰਤ ਦੀ ਇੱਕ ਮੂਰਤੀ, ਕੁਆਰੀ ਮਰੀਅਮ ਦੀ, ਜਾਂ ਇੱਥੋਂ ਤਕ ਕਿ ਬਾਲਕ ਯਿਸੂ ਦੀ ਮੂਰਤੀ ਵੀ—ਇੱਕ ਝੂਠਾ ਦੇਵਤਾ ਅਤੇ ਇੱਕ ਸ਼ਤਾਨ ਹੈ। ਜਦੋਂ ਅਸੀਂ ਸੋਨੇ ਜਾਂ ਪਲਸਤਰ ਦੇ ਬੁੱਤਾਂ ਦੀਆਂ ਜਾਦੂ ਦੀਆਂ ਸ਼ਕਤੀਆਂ ਦੇ ਗੁਣ ਗਾਉਂਦੇ ਹਾਂ, ਤਾਂ ਅਸੀਂ ਜਾਦੂਗਰੀ ਕਰਨ ਦੇ ਸਮਾਨ ਕੰਮ ਕਰ ਰਹੇ ਹਾਂ . . . । ਜੋ ਲੋਕ ਮੂਰਤੀਆਂ ਦੀ ਪੂਜਾ ਕਰਦੇ ਹਨ ਉਹ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਉਹ ਭੌਤਿਕ ਮੂਰਤੀ ਦੀ ਪੂਜਾ ਨਹੀਂ ਕਰਦੇ, ਪਰ ਉਸ ਵਿਅਕਤੀ ਦੀ ਪੂਜਾ ਕਰਦੇ ਹਨ ਜਿਸ ਦੀ ਉਹ ਮੂਰਤ ਹੈ। ਇਹ ਬਣੇ ਰਹਿਣ ਦੇ ਲਈ ਉਨ੍ਹਾਂ ਦੇ ਲਈ ਬਹੁਤ ਮੁਸ਼ਕਲ ਸਥਿਤੀ ਹੈ, ਕਿਉਂਕਿ ਉਹ ਅਕਸਰ ਮੰਨਦੇ ਹਨ ਕਿ ਕੁਆਰੀ ਦੀਆਂ ਕੁਝ ਖਾਸ ਮੂਰਤੀਆਂ ਦੇ ਦੁਆਰਾ ਚਮਤਕਾਰ ਹੁੰਦੇ ਹਨ, ਜਾਂ ਉਹ ਇੱਕ ਵਿਸ਼ੇਸ਼ ਮੂਰਤੀ ਦੇ ਸਾਹਮਣੇ ਪ੍ਰਾਰਥਨਾ ਕਰਨ ਦੇ ਲਈ ਸੰਸਾਰ ਭਰ ਦੇ ਵਿਚ ਤੀਰਥ ਯਾਤਰਾਵਾਂ ਕਰਦੇ ਹਨ।[48]

ਪਰ, ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਆਪ ਨੂੰ ਬਹੁਤ ਹੀ ਜ਼ਿਆਦਾ ਸਵੈ-ਧਰਮੀ ਮਹਿਸੂਸ ਕਰੀਏ, ਸਾਨੂੰ ਇਸ ਗੱਲ ਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਵਿਚੋਂ ਬਹੁਤ ਸਾਰੇ ਲੋਕ "ਮੂਰਤੀਆਂ" ਦੀ ਪੂਜਾ ਕਰਦੇ ਹਨ ਜੋ ਬਹੁਤ ਸੂਖਮ ਹਨ, ਪਰ ਬਿਲਕੁਲ ਅਸਲੀ ਵਾਂਗ ਹੀ ਹਨ:

> [ਸਾਡੇ ਵਿਚੋਂ ਜ਼ਿਆਦਾਤਰ ਲੋਕ] ਪੰਛੀਆਂ ਦੀਆਂ ਵਿਸ਼ਾਲ ਨਕਾਸ਼ੀਦਾਰ ਗ੍ਰੇਨਾਇਟ ਜਾਂ ਲੱਕੜੀ ਦੀਆਂ ਪੱਥਰ ਦੀਆਂ ਅੱਖਾਂ ਵਾਲੀਆਂ ਮੂਰਤੀਆਂ ਦੇ ਅੱਗੇ ਨਹੀਂ ਝੁੱਕਦੇ ਹਨ . . . ਪਰ ਸਾਡੇ ਕੋਲ ਯਹੋਵਾਹ ਦੇ ਨਾਲ ਨਾਲ ਹੋਰ ਦੇਵਤੇ ਵੀ ਹਨ।
>
> ਹੋ ਸਕਦਾ ਹੈ ਕਿ ਪਹਿਲਾਂ ਕਦੀ ਅਸੀਂ ਸੋਨੇ ਦੇ ਵੱਛੇ ਦੇ ਸਾਹਮਣੇ ਨਾ ਝੁਕੇ ਹੋਈਏ, ਪਰ ਤਾਂ ਵੀ ਸ਼ਾਇਦ ਅਸੀਂ ਸੋਨੇ ਦੀ ਪੂਜਾ ਕਰਦੇ ਹਾਂ। ਹੋ ਸਕਦਾ ਹੈ ਕਿ ਅਸੀਂ ਬਾਲ ਦੀ ਉੱਕਰੀ

ਹੋਈ ਮੂਰਤੀ ਦੇ ਸਾਹਮਣੇ ਪਹਿਲਾਂ ਕਦੀ ਵੀ ਗੋਡੇ ਨਾ ਟੇਕੇ ਹੋਣ, ਪਰ ਡਾਲਰ ਦੇ ਬਿਲ ਤੇ ਇੱਕ ਉੱਕਰੀ ਹੋਈ ਤਸਵੀਰ ਵੀ ਹੈ। ਕੀ ਸਾਡੇ ਵਿਚੋਂ ਕੋਈ ਕਹਿ ਸਕਦਾ ਹੈ ਕਿ ਮੈਂ ਕਦੀ ਵੀ ਲਾਲਸਾ, ਘਮੰਡ ਜਾਂ ਆਪੇ ਨੂੰ ਪਰਮੇਸ਼ੁਰ ਦੀ ਉਪਾਸਨਾ ਕਰਨ ਤੋਂ ਵਧ ਕੇ ਨਹੀਂ ਰੱਖਿਆ? ਜੀਵਨ ਵਿਚ ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹਨ ਜੋ *ਚੰਗੀਆਂ* ਹਨ, ਪਰ ਉਹ ਪਰਮੇਸ਼ੁਰ ਨਹੀਂ ਹੈ।[49]

ਕੁਲੁੱਸੀਆਂ 3:5 ਵਿਚ, ਪੌਲੁਸ ਨੇ ਕਿਹਾ ਕਿ "ਲੋਭ" ("ਲਾਲਚ," KJV) "ਮੂਰਤੀਪੂਜਾ ਦਾ ਪਰਿਮਾਣ।" ਆਪਣੇ ਜੀਵਨ ਦੇ ਵਿਚ ਜੋ ਕੁਝ ਵੀ ਅਸੀਂ *ਪਹਿਲੇ ਦਰਜੇ* ਤੇ ਰੱਖਦੇ ਹਾਂ – ਉਹੀ ਸਾਡਾ ਪਰਮੇਸ਼ੁਰ ਹੁੰਦਾ ਹੈ।

**ਡ੍ਰਗਜ਼ ਅਤੇ ਜਾਦੂਗਰੀ (9:21)**

ਹੁਣ ਵੀ ਜਾਦੂਗਰੀ ਵਾਲੇ ਧਰਮਾਂ ਦੇ ਵਿਚ ਡ੍ਰਗਜ਼ ਦਾ ਉਪਯੋਗ ਕੀਤਾ ਜਾਂਦਾ ਹੈ। ਅਮਰੀਕਾ ਦੇ, ਮੂਲ ਅਮਰੀਕੀ ਚਰਚ ਦੇ ਵਿਚ ਪੀਯੋਟ ਦੀ ਵਰਤੋਂ ਕੀਤੀ ਜਾਂਦੀ ਹੈ। "ਪੀਯੋਟ" ਦੱਖਣ ਅਮਰੀਕਾ ਅਤੇ ਉੱਤਰੀ ਮੈਕਸਿਕੋ ਵਿਚ ਪਾਏ ਜਾਣ ਵਾਲੇ ਸਪਿਨਲੈਸ ਕੈਕਟਸ ਦਾ ਇੱਕ ਸਧਾਰਣ ਨਾਮ ਹੈ। ਇਸ ਵਿਚ ਐਲਕਾਲੋਇਡ ਮੈਸਕੇਲਾਇਨ ਹੁੰਦਾ ਹੈ, ਜੋ ਅਦਭੁੱਤ ਰੰਗਾਂ ਅਤੇ ਕਰੂਪ ਪੁਲਾੜ ਧਾਰਣਾ ਦੇ ਦੁਆਰਾ ਮਨੋ ਭਰਮ ਨੂੰ ਪੈਦਾ ਕਰ ਸਕਦਾ ਹੈ। ਅਣਜਾਣਪੁਣੇ ਦੇ ਨਾਲ ਇਨ੍ਹਾਂ ਮਨੋ-ਭਰਮਾਂ ਨੂੰ "ਦਰਸ਼ਣਾਂ" ਦੇ ਰੂਪ ਵਿਚ ਲਿਆ ਜਾਂਦਾ ਹੈ। ਨੇਟਿਵ ਅਮਰੀਕੀ ਚਰਚ ਇੱਕ ਧਾਰਮਿਕ ਸੰਸਥਾ ਹੈ ਜੋ ਕਈ ਕਬੀਲਿਆਂ ਦੇ ਅਮਰੀਕੀ ਭਾਰਤੀਆਂ ਦੇ ਰਾਹੀਂ ਬਣਾਈ ਗਈ ਹੈ, ਇਹ ਮੁੱਖ ਤੌਰ ਤੇ ਦੱਖਣ ਪੱਛਮੀ ਅਮਰੀਕਾ ਵਿਚ ਹੈ। ਇਹ ਚਰਚ ਪੀਯੋਟ ਦੇ "ਸੈਕਰਾਮੈਂਟਲ" ਉਪਯੋਗ ਦੇ ਨਾਲ ਨਾਲ ਕੁਝ ਮਸੀਹੀ ਸਿੱਖਿਆਵਾਂ ਨੂੰ ਵੀ ਮਿਲਾਉਂਦਾ ਹੈ। ਉਨ੍ਹਾਂ ਲੋਕਾਂ ਦੀਆਂ ਉਦਾਹਰਣਾਂ ਨੂੰ ਜੋ ਆਪਣੇ ਜਾਦੂਗਰੀ ਦੇ ਅਭਿਆਸਾਂ ਦੇ ਨਾਲ ਨਸ਼ਿਆਂ ਨੂੰ ਵਰਤਦੇ ਹਨ ਦੁਨੀਆਂ ਭਰ ਵਿਚ ਵਧਾਇਆ ਜਾ ਸਕਦਾ ਹੈ।

---

ਟਿੱਪਣੀਆਂ

[1]ਕਾਰਲ ਮੇਨਿੰਗਰ, *ਵਟਐਵਰ ਹੈਪਨਡ ਟੂ ਸਿਨ?* (ਨਿਊਯਾਰਕ: ਹਾਥੋਰਨ ਬੁਕਸ, 1973)। [2]ਜਿਮੀ ਐਲਨ, *"ਵਟ ਇਜ਼ ਹੈਲ ਲਾਈਕ?"* ਐਂਡ ਅਦਰ ਸਰਮੰਜ਼ (ਡੱਲਾਸ: ਕ੍ਰਿਸਚੀਅਨ ਪਬਲਿਸ਼ਿੰਗ ਕੰਪਨੀ, 1965), 22–40. [3]ਰਾਬਰਟ ਐੱਚ. ਮਾਊਸ, *ਦੀ ਬੁੱਕ ਆਫ਼ ਰੈਵੇਲੇਸ਼ਨ*, ਦੀ ਨਿਊ ਇੰਟਰਨੈਸ਼ਨਲ ਕਮੈਂਟਰੀ ਆੱਨ ਦ ਨਿਊ ਟੈਸਟਾਮੈਂਟ, ਸੰਪਾ. ਐਫ਼. ਐਫ਼. ਬਰੂਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1977), 195. [4]ਜਿਮ ਮੈਕਗੂਗੈਨ, *ਦੀ ਬੁੱਕ ਆਫ਼ ਰੈਵੇਲੇਸ਼ਨ*, ਲੁਕਿੰਗ ਇੰਟੂ ਦ ਬਾਈਬਲ ਸੀਰੀਜ਼ (ਲੱਬੌਕ, ਟੈਕਸਾਸ: ਇੰਟਰਨੈਸ਼ਨਲ ਬਿਬਲੀਕਲ ਰਿਸੋਰਸਜ਼, 1976), 94. [5]ਵਿਲੀਅਮ ਹੈਂਡਰਿਕਸੇਨ, *ਮੋਰ ਦੈਨ ਕੌਂਕੁਐਰਰਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1954), 145. [6]ਅਲਫ੍ਰੇਡ ਪਲਮਰ, *ਰੈਵੇਲੇਸ਼ਨ*, ਪੁਲਪਿਟ ਕਮੈਂਟਰੀ, ਸੰਪਾ. ਐੱਚ. ਡੀ. ਐਮ. ਸਪੈਨਸ ਅਤੇ ਜੋਫੇਸ ਐੱਸ. ਐਕਸਲ, ਜਿਲਦ 22 (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1950), 263. [7]ਇਸ ਪੈਰੇ ਦਾ ਜ਼ਿਆਦਾਤਰ ਭਾਗ ਮੈਰਿਲ ਸੀ. ਟੈਨੀ ਤੋਂ ਅਨੁਕੂਲ ਕੀਤਾ ਗਿਆ ਹੈ, *ਦੀ ਬੁੱਕ ਆਫ਼ ਰੈਵੇਲੇਸ਼ਨ*, ਪ੍ਰੋਕਲੇਮਿੰਗ ਦੀ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1963), 46. [8]ਐਲਨ, 33. [9]ਲੀਓਨ ਮੌਰਿਸ, *ਰੈਵੇਲੇਸ਼ਨ*, ਸੋਧਿਆ ਅੰਕ, ਦੀ ਟਿੰਡਲ ਨਿਊ ਟੈਸਟਾਮੈਂਟ ਕਮੈਂਟਰੀਸ, ਸੰਪਾ. ਲੀਓਨ ਮੌਰਿਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1987), 100. [10]ਬਰੂਸ ਐਮ. ਮੇਟਜ਼ਰ, *ਬ੍ਰੇਕਿੰਗ ਦ ਕੋਡ: ਅੰਡਰਸਟੇਂਡਿੰਗ ਦ ਬੁੱਕ ਆਫ਼ ਰੈਵੇਲੇਸ਼ਨ* (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1993), 58.

[11]ਚਾਰਲਸ ਕੈਲਡਵੈੱਲ ਰੈਰੀ, *ਰੈਵੇਲੇਸ਼ਨ* (ਸ਼ਿਕਾਗੋ, ਇਲੀਨੋਇਸ: ਮੂਡੀ ਪ੍ਰੈਸ, 1968), 61. [12]ਮਾਊਨਸ, 196.

[13]ਉਸੇ ਸਥਾਨ ਤੇ. [14]ਜੀ. ਬੀ. ਕੇਅਡ, *ਏ ਕਮੈਂਟਰੀ ਆਨ ਦ ਰੈਵੇਲੇਸ਼ਨ ਆਫ਼ ਸੈਂਟ ਜਾੱਨ ਦ ਡਿਵਾਇਨ*, ਹਾਰਪਰਸ ਨਿਊ ਟੈਸਟਾਮੈਂਟ ਕਮੈਂਟਰੀਜ਼, ਸੰਪਾ. ਹੈਨਰੀ ਚਾਡਵਿਕ (ਲੰਡਨ: ਐਡਮ ਐਂਡ ਚਾਰਲਸ ਬਲੈਕ, 1966), 120. [15]ਟੀ. ਐਫ਼. ਗਲਾਸੋਨ, *ਦ ਰੈਵੇਲੇਸ਼ਨ ਆਫ਼ ਜਾੱਨ*, ਦੀ ਨਿਊ ਇੰਗਲਿਸ਼ ਬਾਈਬਲ ਉੱਤੇ ਕੈਮਬ੍ਰਿਜ ਬਾਈਬਲ ਕਮੈਂਟਰੀ, ਸੰਪਾ. ਪੀ. ਆਰ. ਆਕਰੋਇਡ, ਏ. ਆਰ. ਸੀ. ਲੀਨੇ, ਅਤੇ ਜੇ. ਡਬਲਿਯੂ ਪੈਕਰ (ਕੈਮਬ੍ਰਿਜ: ਕੈਮਬ੍ਰਿਜ ਯੂਨੀਵਰਸਿਟੀ ਪ੍ਰੈਸ, 1965), 60. [16]ਕੇਅਰਡ, 120. [17]ਜੀ. ਆਰ. ਬੀਸਲੀ-ਮੁਰੈ, *ਦੀ ਬੁੱਕ ਆਫ਼ ਰੈਵੇਲੇਸ਼ਨ*, ਦੀ ਨਿਊ ਸੈਨਚੁਰੀ ਬਾਈਬਲ ਕਮੈਂਟਰੀ, ਸੰਪਾ. ਮੈਥਿਊ ਬਲੈਕ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1974), 162–63. [18]*ਦ ਵਰਲਡ ਬੁੱਕ ਐਨਸਾਇਕਲੋਪੀਡੀਆ*, 1962 ਸੋਧ, ਐੱਸ. ਵੀ. "ਗ੍ਰਾਸਹੋਪਰਸ" (ਜ਼ੋਰ ਦਿੱਤਾ ਗਿਆ ਹੈ)। [19]ਹੋਮਰ ਹੈਲੀ, *ਰੈਵੇਲੇਸ਼ਨ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1979), 233. [20]ਫ੍ਰੈਂਕ ਪੈਕ, *ਰੈਵੇਲੇਸ਼ਨ*, ਭਾਗ 1 (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1965), 77–78.

[21]ਐੱਮ. ਰੋਬਰਟ ਮੁਲਹੋਲੈਂਡ, ਜੂਨੀਅਰ, ਰੈਵੇਲੇਸ਼ਨ: ਹੋਲੀ ਲਿਵਿੰਗ ਇਨ ਅਨਹੋਲੀ ਵਰਲਡ, ਫਰਾਂਸਿਸ ਅਸਬਰੀ ਪ੍ਰੈਸ ਕਮੈਂਟਰੀ, ਸੰਪਾ. ਐਮ. ਰੋਬਰਟ ਮੁਲਹੋਲੈਂਡ, ਜੂਨੀਅਰ (ਗ੍ਰੈਂਡ ਰੈਪਿਡਸ, ਮਿਸ਼ੀਗਨ: ਫਰਾਂਸਿਸ ਅਸਬਰੀ ਪ੍ਰੈਸ, 1990), 196. [22]ਰੇ ਸਮਰਸ, *ਵਰਥੀ ਇਜ਼ ਦ ਲੈਂਬ* (ਨੈਸ਼ਵਿਲ: ਬ੍ਰੋਡਮੈਨ ਪ੍ਰੈਸ, 1951), 158. [23]ਓਵਨ ਐੱਲ. ਕਰੋਚ, *ਐਕਸਪੋਜ਼ਿਟਰੀ ਪ੍ਰੀਚਿੰਗ ਐਂਡ ਟੀਚਿੰਗ: ਰੈਵੇਲੇਸ਼ਨ* (ਜੋਪਲਿਨ, ਮਿਸੋਰੀ: ਕਾੱਜਲ ਪ੍ਰੈੱਸ ਪਬਲਿਸ਼ਿੰਗ ਕੰਪਨੀ, 1985), 167. [24]ਕੇਅਰਡ, 118, 120. [25]ਅਰਲ ਐਫ਼. ਪਾਲਮਰ, *1, 2, 3 ਜੌਨ & ਪਰਕਾਸ਼ਜ਼*, ਦ ਕਮਿਊਨੀਕੇਟਰਸ ਕਮੈਂਟਰੀ, ਸੰਪਾਦਕ ਲੋਇਡ ਜੇ. ਓਗਿਲਵੀ, ਜਿਲਦ 12 (ਡੱਲਾਸ: ਵਰਲਡ ਪਬਲਿਸ਼ਿੰਗ, 1982), 188. [26]ਸਮਰਸ ਵੇਖੋ 159. [27]ਬੈਸਲੀ-ਮਰੈ, 164. [28]ਹੈਲੀ, 235. [29]ਮੁਲਹੋਲੈਂਡ, 198 (ਜ਼ੋਰ ਦਿੱਤਾ ਗਿਆ ਹੈ). [30]ਮਾਈਕਲ ਵਿਲਕਾ, *ਦ ਮੈਸੇਜ ਆਫ਼ ਰੈਵੇਲੇਸ਼ਨ: ਆਈ ਸਾਅਹੈਵਨ ਓਪੰਡ*, ਦ ਬਾਈਬਲ ਸਪੀਕਸ, ਸੋਧ. ਜੋਨਆਰ. ਡਬਲਿਊ. ਸਟੌਟ (ਡੋਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 1975), 98–99.

[31]ਸਮਰਸ, 158–59. [32]ਮੈਕਗੁਗੈਨ, 143. [33]ਮਾਊਨਸ, 202. [34]ਐਲਡਰੈਡ ਇਕੋਲਸ, *ਹੈਵਨਟ ਯੂ ਹਰਡ? ਦੇਅਰ ਇਜ਼ ਅ ਵਾਰ ਗੋਇੰਗ ਔਨ!: ਅਨਲੌਕਿੰਗ ਦ ਕੋਡ ਆਫ਼ ਪਰਕਾਸ਼* (ਫੋਰਟ ਵਰਥ, ਟੈਕਸਾਸ: ਸਵੀਟ ਪਬਲਿਸ਼ਿੰਗ, 1995), 180. [35]ਬੈਸਲੀ-ਮਰੇ, 166–67. [36]ਵਾਰਨ ਡਬਲਿਊ, ਵਾਈਸਬੇ, *ਦ ਬਾਈਬਲ ਏਕਸਪੋਜੀਸ਼ਨ ਕਮੈਂਟਰੀ*, ਜਿਲਦ 2 (ਵੀਹਟਨ, ਇਲੀਨੋਇਸ: ਵਿਕਟਰ ਬੁੱਕਸ, 1989), 595. [37]ਕੇਅਰਡ, 123. [38]ਮੌਰਿਸ, 124. [39]ਡੈਨੀਅਲ ਰਸਲ, *ਪ੍ਰੀਚਿੰਗ ਦ ਐਪੋਕਲਿਪਸ* (ਨਿਊਯਾਰਕ: ਅਬਿੰਗਡਨ ਪ੍ਰੈਸ, 1935), 143–44. [40]ਡਬਲਿਯੂ. ਈ. ਵਾਇਨ, *ਦ ਐਕਸਪੈਨਡਡ ਵਾਇਨਸ ਐਕਪੋਸਿਟੋਰੀ ਡਿਕਸ਼ਨਰੀ ਆਫ਼ ਨਿਊ ਟੈਸਟਾਮੈਂਟ ਵਰਡਸ*, ਸੋਧ ਜਾੱਨ. ਆਰ ਕੋਹਲੈਨਬਰਗੇ III ਵਿਦ ਜੇਮਜ਼ ਏ. ਸਵੈਨਸਨ (ਮਿਨੀਐਪੋਲਿਸ, ਮਿਨੀਸੋਟਾ: ਬੈਤਨਿਆ ਹਾਊਸ ਪਬਲਿਸ਼ਰਜ਼, 1984), 1064–65.

[41]ਉਸੇ ਸਥਾਨ ਤੇ, 1065. [42]ਮੁਲਹੋਲੈਂਡ, 199. [43]ਇਹ ਪੈਰਾ ਵਿਲਕੋਕ ਤੋਂ ਲਿਆ ਗਿਆ ਸੀ, 97. [44]ਕਰੋਚ, 167. [45]ਹੈਰੀ ਦੀ ਕਹਾਣੀ ਬਿਲੀਗ੍ਰਾਹਮ ਦੀ, *ਅਪਰਾਊਚਿੰਗ ਹੂਫਬੀਟਸ: ਦ ਫ਼ੋਰ ਹੋਰਸਮੈੱਨ ਆਫ਼ ਦ ਅਪੋਕਲਿਪਸ* (ਨਿਊਯਾਰਕ: ਏਵਨ ਬੁੱਕਸ, 1985), xi–xii ਚੋਂ ਲਿਆ ਗਿਆ। [46]ਮਾਰਟਿਨ ਕਿਡਲ, ਸੰਤ, ਜਾੱਨ, ਮੌਫਟ ਨਿਊ ਟੈਸਟਾਮੈਂਟ ਕਮੈਂਟਰੀ, ਸੋਧ. ਜੌਨ ਮੋਫੱਟ (ਨਿਊਯਾਰਕ: ਹਾਰਪਰ ਐਂਡ ਬ੍ਰਦਰਸ, ਪਬਲਿਸ਼ਰਜ਼, 1940), 165. [47]ਬਰਟਨ ਕੋਫ਼ਮੈਨ, *ਕਮੈਂਟਰੀ ਔੱਨ ਰੈਵੇਲੇਸ਼ਨ* (ਔਸਟਿਨ, ਟੈਕਸਾਸ: ਫਰਮ ਫਾਊਂਡੇਸ਼ਨ ਪਬਲਿਸ਼ਿੰਗ ਹਾਊਸ 1979), 216. [48]ਈਕੋਲਜ਼, 180. [49]ਡੇਵਿਡ ਰੋਪਰ, *"ਦੀ ਡੇ ਕ੍ਰਾਇਸਟ ਕੇਮ (ਅਗੇਨ)" ਐਂਡ ਅਦਰ ਸਰਮੰਜ਼* (ਡੱਲਾਸ: ਕ੍ਰਿਸਚੀਅਨ ਪਬਲਿਸ਼ਿੰਗ ਕੰਪਨੀ, 1964), 65.